# ਓਵਰਸੀਜ਼ ਵਿਜ਼ਿਟਰ ਹੈਲਥ ਕਵਰ

# OVERSEAS VISITORS HEALTH COVER

ਪੁਸਤਿਕਾ (ਬਰੋਸ਼ਰ)

ਜੂਨ 2023



# ਸਾਡੇ ਨਾਲ ਆਸਟ੍ਰੇਲੀਆ ਦਾ ਆਨੰਦ ਮਾਣੋ

**ਭਾਵੇਂ ਤੁਸੀਂ ਕਿਤੋਂ ਵੀ ਆਏ ਹੋਵੋ ਅਤੇ ਭਾਵੇਂ ਤੁਹਾਡਾ ਕਿੰਨਾ ਵੀ ਸਮਾਂ ਐਥੇ ਰਹਿਣ ਦਾ ਵਿਚਾਰ ਹੋਵੇ, ਅਸੀਂ ਜਾਣਦੇ ਹਾਂ ਕਿ ਤੁਸੀਂ ਇੱਥੇ ਆਪਣੇ ਰਹਿਣ ਦੇ ਸਮੇਂ ਨੂੰ ਪਸੰਦ ਕਰੋਗੇ।**

ਅਸੀਂ ਜਾਣਦੇ ਹਾਂ ਕਿ ਜਦੋਂ ਤੁਸੀਂ ਕਿਸੇ ਨਵੇਂ ਦੇਸ਼ ਵਿੱਚ ਜਾਂਦੇ ਹੋ ਤਾਂ ਸਿਹਤ ਸੰਭਾਲ ਬਾਰੇ ਜਾਣਨ-ਸਿੱਖਣ ਲਈ ਬਹੁਤ ਕੁੱਝ ਹੁੰਦਾ ਹੈ। ਇਸ ਲਈ ਅਸੀਂ ਤੁਹਾਨੂੰ ਇਸ ਬਾਰੇ ਮਨ ਦੀ ਸ਼ਾਂਤੀ ਦੇ ਕੇ ਇਸਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦੋਂ ਤੁਸੀਂ ਆਸਟ੍ਰੇਲੀਆ ਵਿੱਚ ਰਹੋਗੇ ਤਾਂ ਤੁਹਾਡੀ ਸਿਹਤ ਦਾ ਧਿਆਨ ਰੱਖਿਆ ਜਾਵੇਗਾ। ਤੁਹਾਨੂੰ ਇੱਥੇ ਨਿੱਘਾ ਸੁਆਗਤ ਕੀਤੇ ਜਾਣ ਦਾ ਅਹਿਸਾਸ ਕਰਵਾਉਣਾ ਇਹ ਵੀ ਦਰਸਾਉਂਦਾ ਹੈ ਕਿ ਸਾਨੂੰ ਤੁਹਾਡੀ ਕਿੰਨੀ ਪਰਵਾਹ ਹੈ।



# ਅਸੀਂ ਤੁਹਾਡੀ ਸਿਹਤ ਨੂੰ ਪਹਿਲ ਦਿੰਦੇ ਹਾਂ

## ਡਾਕਟਰਾਂ ਦਾ ਰਾਸ਼ਟਰੀ ਨੈੱਟਵਰਕ

ਸਾਡੇ ਵਿਸ਼ਾਲ HCF ਨੈੱਟਵਰਕ ਵਿਚਲੇ ਕਿਸੇ ਡਾਕਟਰ (GP) ਨੂੰ ਮਿਲੋ ਅਤੇ ਜੇਕਰ ਤੁਹਾਡੇ ਬੀਮੇ ਵਿੱਚ ਡਾਕਟਰ ਸੇਵਾਵਾਂ ਲੈਣਾ ਸ਼ਾਮਿਲ ਹੈ ਤਾਂ ਤੁਸੀਂ ਉਸ ਅਪੋਇੰਟਮੈਂਟ ਲਈ 100% ਫ਼ੀਸ ਵਾਪਸ ਪ੍ਰਾਪਤ ਕਰ ਸਕਦੇ ਹੋ।




## 24/7 ਹੈਲਪਲਾਈਨ

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਡਾਕਟਰ ਜਾਂ ਹਸਪਤਾਲ ਲੱਭਣ ਦੀ ਲੋੜ ਪੈਂਦੀ ਹੈ, ਜਾਂ ਤੁਹਾਡੀ ਸਿਹਤ ਬਾਰੇ ਕੋਈ ਸਵਾਲ ਹਨ, ਤਾਂ ਸਾਡੀ 24/7 ਹੈਲਪਲਾਈਨ ਨੂੰ **13 68 42** 'ਤੇ ਫ਼ੋਨ ਕਰੋ ਅਤੇ ਫਿਰ 2 ਦਬਾਓ। ਸਾਡੇ ਨਿੱਘੇ ਸੁਭਾਅ ਵਾਲੇ ਮਾਹਰ ਅਧਿਕਾਰੀ ਬਹੁਤ ਸਾਰੀਆਂ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ ਅਤੇ ਤੁਹਾਡੀ ਮੱਦਦ ਕਰਨ ਲਈ ਤਿਆਰ ਹਨ।




## ਆਸਟ੍ਰੇਲੀਆ ਦਾ ਤੀਸਰਾ ਸਭ ਤੋਂ ਵੱਡਾ ਸਿਹਤ ਬੀਮਾਕਰਤਾ

ਸਾਡੇ ਦੁਆਰਾ ਬੀਮਾ ਕੀਤੇ ਗਏ 1.7 ਮਿਲੀਅਨ (17 ਲੱਖ) ਮੈਂਬਰ ਜੋ ਅਸੀਂ ਕਰਦੇ ਹਾਂ ਉਸ ਦੇ ਕੇਂਦਰ ਵਿੱਚ ਹਨ। ਸਾਡੇ ਕੋਲ ਤੁਹਾਡੇ ਆਸਟ੍ਰੇਲੀਆ ਵਿੱਚ ਰਹਿਣ ਦੇ ਸਮੇਂ ਦੌਰਾਨ ਤੁਹਾਡੀ ਸਿਹਤ ਦੀ ਸੰਭਾਲ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਤਜ਼ਰਬਾ ਅਤੇ ਸਮਝ ਹੈ।



## ਅਸੀਂ ਤੁਹਾਡੀ ਘੱਟ ਭੁਗਤਾਨ ਕਰਨ ਵਿੱਚ ਮੱਦਦ ਕਰਾਂਗੇ

ਜੇ ਤੁਹਾਨੂੰ, ਜਾਂ ਤੁਹਾਡੇ ਅਜ਼ੀਜ਼ਾਂ ਨੂੰ ਹਸਪਤਾਲ ਵਿੱਚ ਇਲਾਜ ਦੀ ਲੋੜ ਪੈਂਦੀ ਹੈ, ਤਾਂ ਪ੍ਰਾਈਵੇਟ ਹਸਪਤਾਲਾਂ ਦਾ ਸਾਡਾ ਵਿਸ਼ਾਲ ਨੈੱਟਵਰਕ ਤੁਹਾਨੂੰ ਖ਼ਰਚਿਆ ਨੂੰ ਘੱਟ ਕਰਨ ਲਈ ਵਧੇਰੇ ਰਸਤੇ ਅਤੇ ਵਿਕਲਪ ਪ੍ਰਦਾਨ ਕਰਦਾ ਹੈ।




## ਐਮਰਜੈਂਸੀ ਲਈ ਐਂਬੂਲੈਂਸ ਬੀਮਾ ਕਵਰ


ਸਾਰੇ ਬੀਮਾ ਕਵਰ ਆਸਟ੍ਰੇਲੀਆ ਭਰ ਵਿੱਚ ਨੇੜਲੇ ਹਸਪਤਾਲ ਤੱਕ ਐਮਰਜੈਂਸੀ ਐਂਬੂਲੈਂਸ ਟ੍ਰਾਂਸਪੋਰਟ ਪ੍ਰਦਾਨ ਕਰਦੇ ਹਨ।



# ਆਸਟ੍ਰੇਲੀਆਈ ਸਿਹਤ-ਸੰਭਾਲ ਪ੍ਰਣਾਲੀ ਦੀ ਜਾਣਕਾਰੀ

**ਸਾਡੇ ਕੋਲ ਆਸਟ੍ਰੇਲੀਆ ਵਿੱਚ ਇੱਕ ਸ਼ਾਨਦਾਰ ਮੈਡੀਕਲ ਪ੍ਰਣਾਲੀ ਹੈ ਅਤੇ ਇਸਦੀ ਵਰਤੋਂ ਕਰਨ ਦੇ ਤਰੀਕੇ ਨੂੰ ਸਮਝਣ ਵਿੱਚ ਤੁਹਾਡੀ ਮੱਦਦ ਕਰਨ ਲਈ HCF ਇੱਥੇ ਮੌਜੂਦ ਹੈ। ਆਸਟ੍ਰੇਲੀਆ ਦੀ ਸਿਹਤ-ਸੰਭਾਲ ਪ੍ਰਣਾਲੀ ਦੇ 2 ਪੱਧਰ ਹਨ: ਸਰਕਾਰ ਦੁਆਰਾ ਮਾਲੀ ਸਹਾਇਤਾ (ਫ਼ੰਡ) ਪ੍ਰਾਪਤ ਮੈਡੀਕੇਅਰ ਅਤੇ ਪ੍ਰਾਈਵੇਟ ਸਿਹਤ ਪ੍ਰਣਾਲੀ, ਜਿੱਥੇ ਤੁਸੀਂ ਬੀਮੇ ਲਈ ਭੁਗਤਾਨ ਕਰਦੇ ਹੋ। ਉਹ ਦੋਵੇਂ ਪੱਧਰ ਮਿਲ ਕੇ ਆਸਟ੍ਰੇਲੀਆ ਵਾਸੀਆਂ ਨੂੰ ਬਿਹਤਰ ਸਿਹਤ-ਸੰਭਾਲ ਅਨੁਭਵ ਦੇਣ ਲਈ ਕੰਮ ਕਰਦੇ ਹਨ।**






## ਮੈਡੀਕੇਅਰ ਕਿਵੇਂ ਕੰਮ ਕਰਦਾ ਹੈ?

ਮੈਡੀਕੇਅਰ ਸਾਡੀ ਜਨਤਕ ਸਿਹਤ ਸੰਭਾਲ ਪ੍ਰਣਾਲੀ ਹੈ ਅਤੇ ਇਹ ਸਾਰੇ ਆਸਟ੍ਰੇਲੀਆਈ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦੀ ਹੈ। ਇਹ ਨਿਵਾਸੀਆਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਬਗ਼ੈਰ ਕਿਸੇ ਖ਼ਰਚੇ ਦੇ ਹਸਪਤਾਲ ਵਿੱਚ ਦਾਖ਼ਲੇ ਵਾਲੇ ਇਲਾਜ ਦੀ ਪੇਸ਼ਕਸ਼ ਕਰਦੀ ਹੈ ਅਤੇ ਹਸਪਤਾਲਾਂ ਤੋਂ ਦਾਖ਼ਲ ਹੋਏ ਬਗ਼ੈਰ ਬਾਹਰ ਚੱਲਣ ਵਾਲੇ ਕੁੱਝ ਡਾਕਟਰੀ ਇਲਾਜਾਂ ਦੇ ਖ਼ਰਚੇ ਨੂੰ ਘੱਟ ਕਰਦੀ ਹੈ ਜਿਵੇਂ ਕਿ ਖ਼ੂਨ ਟੈਸਟ ਅਤੇ ਐਕਸ-ਰੇ। ਮੈਡੀਕੇਅਰ ਉਨ੍ਹਾਂ ਦੇਸ਼ਾਂ ਦੇ ਯੋਗ ਯਾਤਰੀਆਂ ਲਈ ਉਪਲਬਧ ਹੈ ਜਿੰਨ੍ਹਾਂ ਦਾ ਆਸਟ੍ਰੇਲੀਆ ਨਾਲ ਰਿਸੀਪ੍ਰੋਕਲ ਹੈਲਥ ਕੇਅਰ ਐਗਰੀਮੈਂਟ (ਆਪਸੀ ਸਿਹਤ ਸੰਭਾਲ ਸਮਝੌਤਾ) (RHCA) ਹੈ।

ਇਹ ਪਤਾ ਹੋਣਾ ਮੁੱਲਵਾਨ ਹੈ ਕਿ ਭਾਵੇਂ ਤੁਸੀਂ RHCA ਦੀ ਵਰਤੋਂ ਕਰਨ ਦੇ ਯੋਗ ਹੋ, ਪ੍ਰਾਈਵੇਟ ਸਿਹਤ ਬੀਮਾ ਮਨ ਦੀ ਸ਼ਾਂਤੀ ਲਈ ਬਹੁਤ ਵਧੀਆ ਹੈ ਕਿਉਂਕਿ ਮੈਡੀਕੇਅਰ ਸਿਰਫ਼ ਡਾਕਟਰੀ ਤੌਰ 'ਤੇ ਲਾਜ਼ਮੀ ਦੇਖਭਾਲ ਸੇਵਾਵਾਂ ਹੀ ਪ੍ਰਦਾਨ ਕਰਦਾ ਹੈ। ਮੈਡੀਕੇਅਰ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ, ਐਮਰਜੈਂਸੀ ਐਂਬੂਲੈਂਸ ਜਾਂ ਦੰਦਾਂ ਦੇ ਪ੍ਰਾਈਵੇਟ ਇਲਾਜ ਅਤੇ ਫਿਜ਼ੀਓਥੈਰੇਪੀ ਵਰਗੀਆਂ ਸੇਵਾਵਾਂ ਪ੍ਰਦਾਨ ਨਹੀਂ ਕਰਦਾ ਹੈ। ਇਹ ਉਹ ਥਾਵਾਂ ਹਨ ਜਿੱਥੇ HCF ਪ੍ਰਾਈਵੇਟ ਸਿਹਤ ਬੀਮਾ ਕੰਮ ਆਉਂਦਾ ਹੈ।

### ਰਿਸੀਪ੍ਰੋਕਲ ਹੈਲਥ ਕੇਅਰ ਐਗਰੀਮੈਂਟਸ (ਆਪਸੀ ਸਿਹਤ ਸੰਭਾਲ ਸਮਝੌਤੇ)

ਵਧੇਰੇ ਜਾਣਕਾਰੀ ਲਈ, ਮਨੁੱਖੀ ਸੇਵਾਵਾਂ ਵਿਭਾਗ ਦੀ ਵੈੱਬਸਾਈਟ **humanservices.gov.au/medicare** 'ਤੇ 'RHCA' ਲਿਖ ਕੇ ਲੱਭੋ।

## ਪ੍ਰਾਈਵੇਟ ਸਿਹਤ ਬੀਮਾ ਕਿਵੇਂ ਕੰਮ ਕਰਦਾ ਹੈ?

ਜੇਕਰ ਤੁਸੀਂ ਕਿਸੇ ਅਜਿਹੇ ਦੇਸ਼ ਤੋਂ ਆਏ ਹੋ ਜਿਸਦਾ ਆਸਟ੍ਰੇਲੀਆ ਨਾਲ RHCA ਨਹੀਂ ਹੈ, ਤਾਂ ਉਸ ਸਥਿਤੀ ਲਈ ਪ੍ਰਾਈਵੇਟ ਸਿਹਤ ਬੀਮਾ ਲੈਣਾ ਇੱਕ ਚੰਗਾ ਵਿਚਾਰ ਹੈ ਕਿ ਜੇਕਰ ਜਦੋਂ ਤੁਸੀਂ ਇੱਥੇ ਹੁੰਦੇ ਹੋ ਤਾਂ ਉਦੋਂ ਤੁਹਾਨੂੰ ਡਾਕਟਰੀ ਜਾਂ ਹਸਪਤਾਲ ਇਲਾਜ ਦੀ ਲੋੜ ਪੈਂਦੀ ਹੈ, ਜੋ ਕਿ ਬਹੁਤ ਮਹਿੰਗਾ ਹੋ ਸਕਦਾ ਹੈ।

### ਕੀ ਕੁੱਝ ਕਵਰ ਕੀਤਾ ਜਾਂਦਾ ਹੈ?

ਪ੍ਰਾਈਵੇਟ ਸਿਹਤ ਪ੍ਰਣਾਲੀ ਨਿੱਜੀ ਸਿਹਤ ਬੀਮਾਕਰਤਾਵਾਂ ਜਿਵੇਂ ਕਿ HCF, ਪ੍ਰਾਈਵੇਟ ਹਸਪਤਾਲਾਂ ਅਤੇ ਹੋਰ ਸਿਹਤ ਪ੍ਰਦਾਤਾਵਾਂ, ਜਿਵੇਂ ਦੰਦਾਂ ਦੇ ਡਾਕਟਰਾਂ ਅਤੇ ਫਿਜ਼ੀਓਥੈਰੇਪਿਸਟਾਂ ਤੋਂ ਬਣੀ ਹੋਈ ਹੈ। HCF ਓਵਰਸੀਜ਼ ਵਿਜ਼ਿਟਰਸ ਹੈਲਥ ਕਵਰ (HCF Overseas Visitors Health Cover) ਨੂੰ ਇਨ੍ਹਾਂ ਲਈ ਵਰਤਿਆ ਜਾ ਸਕਦਾ ਹੈ:

- ਐਮਰਜੈਂਸੀ ਐਂਬੂਲੈਂਸ ਟ੍ਰਾਂਸਪੋਰਟ ਲਈ
- ਹਸਪਤਾਲ ਵਿੱਚ ਦਾਖ਼ਲ ਹੋ ਕੇ ਇਲਾਜ ਲਈ
- ਡਾਕਟਰੀ ਇਲਾਜ ਲਈ
- ਫਿਜ਼ੀਓਥੈਰੇਪੀ ਅਤੇ ਦੰਦਾਂ ਦੇ ਇਲਾਜ ਵਰਗੇ ਕਈ ਕਿਸਮ ਦੇ ਵਾਧੂ ਇਲਾਜਾਂ ਲਈ।

ਜਿਨ੍ਹਾਂ ਇਲਾਜਾਂ ਅਤੇ ਪ੍ਰਕਿਰਿਆਵਾਂ ਲਈ ਤੁਸੀਂ ਖ਼ਰਚੇ ਦਾ ਦਾਅਵਾ ਕਰ ਸਕਦੇ ਹੋ, ਉਹ ਤੁਹਾਡੇ ਦੁਆਰਾ ਚੁਣੇ ਗਏ ਬੀਮੇ ਦੇ ਪੱਧਰ 'ਤੇ ਨਿਰਭਰ ਕਰਨਗੇ।

ਬਹੁਤ ਸਾਰੇ ਯਾਤਰੀਆਂ ਲਈ, ਪ੍ਰਾਈਵੇਟ ਸਿਹਤ ਬੀਮਾ ਲੈਣਾ ਉਹਨਾਂ ਦੇ ਵੀਜ਼ੇ ਦੀ ਸ਼ਰਤ ਹੁੰਦੀ ਹੈ ਇਸ ਲਈ ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਬੀਮਾ ਕਵਰ ਦੇ ਸਹੀ ਪੱਧਰ ਦੀ ਚੋਣ ਕਰ ਰਹੇ ਹੋ, ਆਪਣੇ ਵੀਜ਼ੇ ਲਈ ਅਰਜ਼ੀ ਦੇਣ ਤੋਂ ਪਹਿਲਾਂ ਇਸਦੀ ਜਾਂਚ ਕਰਨਾ ਯਕੀਨੀ ਬਣਾਓ। ਤੁਸੀਂ ਇਹ ਜਾਣਕਾਰੀ ਗ੍ਰਹਿ ਮਾਮਲਿਆਂ ਦੇ ਵਿਭਾਗ (Department of Home Affairs) ਦੀ ਵੈੱਬਸਾਈਟ **homeaffairs.gov.au** ਰਾਹੀਂ ਲੈ ਸਕਦੇ ਹੋ।

# ਤੁਹਾਡੇ ਲਈ HCF ਕਿਉਂ ਸਹੀ ਹੈ?

**HCF ਓਵਰਸੀਜ਼ ਵਿਜ਼ਿਟਰਜ਼ ਹੈਲਥ ਕਵਰ (OVHC) ਉਹਨਾਂ ਲੋਕਾਂ ਲਈ ਪ੍ਰਾਈਵੇਟ ਸਿਹਤ ਬੀਮਾ ਹੈ ਜੋ ਵਰਕ ਜਾਂ ਵਿਜ਼ਿਟਰ ਵੀਜ਼ੇ 'ਤੇ ਆਸਟ੍ਰੇਲੀਆ ਵਿੱਚ ਇੱਕ ਮਿੱਥੇ ਸਮੇਂ ਲਈ ਰਹਿਣਗੇ।**

ਕਈ ਵੀਜ਼ਿਆਂ ਵਿੱਚ ਇਹ ਸ਼ਰਤ ਹੁੰਦੀ ਹੈ ਕਿ ਤੁਸੀਂ ਆਸਟ੍ਰੇਲੀਆ ਫੇਰੀ ਦੌਰਾਨ ਆਪਣੇ ਲਈ ਪ੍ਰਾਈਵੇਟ ਸਿਹਤ ਬੀਮਾ ਲਵੋ। ਪਰ ਜੇਕਰ ਇਹ ਲਾਜ਼ਮੀ ਨਾ ਵੀ ਹੋਵੇ, ਤਾਂ ਵੀ ਤੁਹਾਨੂੰ ਓਵਰਸੀਜ਼ ਵਿਜ਼ਿਟਰਜ਼ ਹੈਲਥ ਕਵਰ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਤੁਸੀਂ ਲੋੜ ਪੈਣ 'ਤੇ ਆਸਾਨੀ ਨਾਲ ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚ ਕਰ ਸਕੋ। ਇਹ ਇਸ ਲਈ ਹੈ ਕਿਉਂਕਿ ਡਾਕਟਰੀ ਇਲਾਜ ਲਈ ਖੁਦ ਭੁਗਤਾਨ ਕਰਨਾ ਬਹੁਤ ਮਹਿੰਗਾ ਹੋ ਸਕਦਾ ਹੈ।

ਤੁਹਾਡੇ ਦੁਆਰਾ ਚੁਣੇ ਗਏ ਬੀਮਾ ਕਵਰ ਦੇ ਪੱਧਰ 'ਤੇ ਨਿਰਭਰ ਕਰਦਿਆਂ, ਤੁਹਾਡਾ HCF ਬੀਮਾ ਤੁਹਾਨੂੰ ਉਦੋਂ ਕਵਰ ਕਰ ਸਕਦਾ ਹੈ ਜਦੋਂ ਤੁਸੀਂ ਹਸਪਤਾਲ ਵਿੱਚ ਦਾਖ਼ਲ ਹੋ ਅਤੇ ਹੋਰ ਸੇਵਾਵਾਂ ਲਈ, ਜਿਵੇਂ ਕਿ:

- ਡਾਕਟਰ ਨਾਲ ਮੁਲਾਕਾਤ ਲਈ
- ਖ਼ੂਨ ਟੈਸਟ ਅਤੇ ਐਕਸ-ਰੇ ਲਈ
- ਦੰਦਾਂ ਦੇ ਇਲਾਜ ਲਈ
- ਐਨਕਾਂ ਅਤੇ ਕਾਂਟੈਕਟ ਲੈਂਸਜ਼ ਲਈ
- ਫਿਜ਼ੀਓਥੈਰੇਪੀ ਲਈ।

HCF OVHC ਦੇ ਸਾਰੇ ਪੱਧਰਾਂ ਵਿੱਚ ਐਮਰਜੈਂਸੀ ਐਂਬੂਲੈਂਸ ਸੇਵਾਵਾਂ ਸ਼ਾਮਲ ਹਨ।

### HCF ਨੈੱਟਵਰਕ ਕੀ ਹੈ?

HCF ਨੈੱਟਵਰਕ ਹਿੱਸਾ ਲੈਣ ਵਾਲੇ ਹਸਪਤਾਲਾਂ, ਡਾਕਟਰਾਂ ਅਤੇ ਮਾਹਿਰਾਂ ਦਾ ਬਣਿਆ ਹੈ ਤਾਂ ਜੋ ਤੁਹਾਡੇ ਬੀਮਾ ਕਵਰ ਵਿੱਚ ਸ਼ਾਮਲ ਇਲਾਜ ਅਤੇ ਸੇਵਾਵਾਂ ਲਈ ਵਾਧੂ ਖ਼ਰਚਿਆਂ ਤੋਂ ਬਚਣ ਵਿੱਚ ਤੁਹਾਡੀ ਮੱਦਦ ਕੀਤੀ ਜਾ ਸਕੇ।

### HCF ਹਸਪਤਾਲ ਨੈੱਟਵਰਕ

ਸਾਡੇ ਆਸਟ੍ਰੇਲੀਆ ਭਰ ਦੇ ਜ਼ਿਆਦਾਤਰ ਪ੍ਰਾਈਵੇਟ ਹਸਪਤਾਲਾਂ ਨਾਲ ਸਮਝੌਤੇ ਹੋਏ ਹਨ। ਤੁਸੀਂ ਇਲਾਜ ਜਾਂ ਸੇਵਾਵਾਂ ਲਈ ਸਾਡੇ ਨੈੱਟਵਰਕ ਵਿੱਚ ਸ਼ਾਮਿਲ ਕਿਸੇ ਪ੍ਰਾਈਵੇਟ ਹਸਪਤਾਲ ਵਿੱਚ ਜਾ ਕੇ ਆਪਣੇ ਖ਼ਰਚੇ ਘਟਾ ਸਕਦੇ ਹੋ (ਬੀਮਾ ਐਕਸੈਸ ਦੇਣ ਤੋਂ ਇਲਾਵਾ, ਜੇਕਰ ਤੁਹਾਡੇ ਕੋਈ ਹੋਰ ਵਾਧੂ ਖ਼ਰਚੇ ਹੁੰਦੇ ਹਨ ਤਾਂ)।

ਜੇਕਰ ਤੁਸੀਂ ਸਾਡੇ ਨੈੱਟਵਰਕ ਤੋਂ ਬਾਹਰ ਕਿਸੇ ਨਿੱਜੀ ਹਸਪਤਾਲ ਜਾਂ ਕਿਸੇ ਸਰਕਾਰੀ ਹਸਪਤਾਲ ਜਾਂਦੇ ਹੋ, ਤੁਹਾਡਾ ਕਾਫ਼ੀ ਵਾਧੂ ਖ਼ਰਚਾ ਹੋ ਸਕਦਾ ਹੈ। ਯਕੀਨੀ ਬਣਾਓ ਕਿ ਤੁਸੀਂ ਸਾਡੇ ਨੈੱਟਵਰਕ ਵਿਚਲਾ ਹਸਪਤਾਲ ਲੱਭਣ ਲਈ ਸਾਡੀ 24/7 ਹੈਲਪਲਾਈਨ ਨੂੰ **13 68 42** 'ਤੇ ਫ਼ੋਨ ਕਰੋ (ਫਿਰ 2 ਦਬਾਓ)। ਇਹ ਵੀ ਜ਼ਰੂਰੀ ਹੈ ਕਿ ਤੁਸੀਂ ਆਪਣਾ ਇਲਾਜ ਸ਼ੁਰੂ ਹੋਣ ਤੋਂ ਪਹਿਲਾਂ ਹਸਪਤਾਲ ਨੂੰ ਸੰਭਾਵਿਤ ਖ਼ਰਚੇ ਬਾਰੇ ਪੁੱਛੋ ਤਾਂ ਜੋ ਤੁਸੀਂ ਸਮਝ ਸਕੋ ਕਿ ਤੁਹਾਨੂੰ ਕਿੰਨੀ ਰਕਮ ਦਾ ਭੁਗਤਾਨ ਕਰਨਾ ਪਵੇਗਾ।

### HCF ਡਾਕਟਰਾਂ ਦਾ ਨੈੱਟਵਰਕ

ਆਸਟ੍ਰੇਲੀਆ ਵਿੱਚ, ਜੇਕਰ ਤੁਹਾਨੂੰ ਕੋਈ ਸਿਹਤ ਸਮੱਸਿਆ ਆਉਂਦੀ ਹੈ ਤਾਂ ਇੱਕ ਆਮ ਡਾਕਟਰ (ਜਿਸਨੂੰ ਜਨਰਲ ਪ੍ਰੈਕਟੀਸ਼ਨਰ ਜਾਂ GP (ਜੀਪੀ) ਵਜੋਂ ਜਾਣਿਆ ਜਾਂਦਾ ਹੈ) ਸੰਭਵ ਤੌਰ 'ਤੇ ਉਹ ਪਹਿਲਾ ਡਾਕਟਰ ਹੈ ਜਿਸ ਕੋਲ ਤੁਸੀਂ ਸਭ ਤੋਂ ਪਹਿਲਾਂ ਜਾਓਗੇ। HCF ਕੋਲ GPs ਦਾ ਇੱਕ ਰਾਸ਼ਟਰੀ ਨੈੱਟਵਰਕ ਹੈ, ਆਪਣੇ ਕਿਸੇ ਨੇੜਲੇ GP ਨੂੰ ਲੱਭਣ ਲਈ ਸਾਡੀ 24/7 ਹੈਲਪਲਾਈਨ ਨੂੰ **13 68 42** 'ਤੇ ਫ਼ੋਨ ਕਰੋ (ਫਿਰ 2 ਦਬਾਓ) ।

ਜੇਕਰ ਤੁਹਾਡੇ ਬੀਮਾ ਕਵਰ ਵਿੱਚ ਡਾਕਟਰ ਦੀਆਂ ਸੇਵਾਵਾਂ ਸ਼ਾਮਲ ਹਨ ਅਤੇ ਤੁਸੀਂ ਸਾਡੇ ਨੈੱਟਵਰਕ ਵਿਚਲੇ ਕਿਸੇ GP ਕੋਲ ਜਾਂਦੇ ਹੋ ਤਾਂ ਤੁਹਾਡਾ ਬੀਮਾ ਤੁਹਾਡੇ ਖ਼ਰਚ ਦਾ 100% ਤੱਕ ਦਾ ਭੁਗਤਾਨ ਕਰੇਗਾ। ਜੇਕਰ ਤੁਸੀਂ ਕਿਸੇ ਅਜਿਹੇ GP ਦੇ ਕੋਲ ਜਾਂਦੇ ਹੋ ਜੋ ਕਿ ਸਾਡੇ ਨੈੱਟਵਰਕ ਵਿੱਚ ਨਹੀਂ ਹੈ ਤਾਂ ਤੁਹਾਨੂੰ ਵਾਧੂ ਖ਼ਰਚੇ ਦੇਣੇ ਪੈ ਸਕਦੇ ਹਨ। ਤੁਹਾਡੇ ਕਵਰ ਦੇ ਪੱਧਰ 'ਤੇ ਨਿਰਭਰ ਕਰਦੇ ਹੋਏ, ਮਾਹਰ ਡਾਕਟਰਾਂ ਅਤੇ ਨੈੱਟਵਰਕ ਤੋਂ ਬਾਹਰ ਦੇ ਡਾਕਟਰਾਂ ਕੋਲ ਜਾਣ 'ਤੇ, ਅਸੀਂ ਤੁਹਾਡੇ ਲਈ ਮੈਡੀਕੇਅਰ ਬੈਨੀਫਿਟ ਸ਼ੈਡਿਊਲ (MBS) ਵਿੱਚ ਨਿਰਧਾਰਤ ਫ਼ੀਸ ਦੇ 100% ਤੱਕ ਦਾ ਖ਼ਰਚਾ ਕਵਰ ਕਰਾਂਗੇ।



# ਕਿਸੇ ਗੱਲ ਦੀ ਚਿੰਤਾ ਨਾ ਕਰੋ ਅਸੀਂ ਤੁਹਾਡੀ ਹਰ ਚੀਜ਼ ਦਾ ਧਿਆਨ ਰੱਖਦੇ ਹਾਂ

## ਮੈਨੂੰ ਹਸਪਤਾਲ ਵਿੱਚ ਦਾਖ਼ਲ ਹੋਣ ਅਤੇ ਹਸਪਤਾਲ ਤੋਂ ਬਾਹਰ ਇਲਾਜ ਕਰਵਾਉਣ ਦੌਰਾਨ ਕਿਹੜੀਆਂ ਸੇਵਾਵਾਂ ਲਈ ਕਵਰ ਕੀਤਾ ਜਾਵੇਗਾ?

### ਹਸਪਤਾਲ ਵਿੱਚ ਦਾਖ਼ਲ ਮਰੀਜ਼ ਵਜੋਂ ਇਲਾਜ (ਇਨਪੇਸ਼ੈਂਟ) ਸੇਵਾਵਾਂ

ਜੇਕਰ ਤੁਸੀਂ ਹਸਪਤਾਲ ਵਿੱਚ ਦਾਖ਼ਲ ਕੀਤੇ ਗਏ ਹੋ, ਜਾਂ ਤਾਂ ਦਿਨ ਜਾਂ ਰਾਤ ਠਹਿਰਨ ਦੇ ਮਰੀਜ਼ ਵਜੋਂ, ਤਾਂ ਤੁਹਾਨੂੰ 'ਹਸਪਤਾਲ ਵਿੱਚ ਦਾਖ਼ਲ ਮਰੀਜ਼' (ਇਨਪੇਸ਼ੈਂਟ) ਮੰਨਿਆ ਜਾਂਦਾ ਹੈ। ਜੇਕਰ ਇਹ ਤੁਹਾਡੇ ਬੀਮਾ ਕਵਰ ਦੇ ਪੱਧਰ ਵਿੱਚ ਸ਼ਾਮਲ ਹੈ ਤਾਂ ਤੁਹਾਡੇ ਓਵਰਸੀਜ਼ ਵਿਜ਼ਿਟਰਜ਼ ਹੈਲਥ ਕਵਰ ਦੇ ਨਾਲ ਤੁਹਾਨੂੰ ਰਿਹਾਇਸ਼, ਓਪਰੇਸ਼ਨ ਥੀਏਟਰ, ਇੰਨਟੈਂਸਿਵ ਕੇਅਰ, ਡਾਕਟਰ ਦੀਆਂ ਫ਼ੀਸਾਂ, ਸਰਕਾਰ ਦੁਆਰਾ ਪ੍ਰਵਾਨਿਤ ਪ੍ਰੋਸਥੇਸਿਸ (ਨਕਲੀ ਅੰਗ ਲਗਾਉਣ ਦੀ ਸੇਵਾ), ਅਤੇ PBS ਦਵਾਈਆਂ ਲਈ ਲਾਭ ਮਿਲ ਸਕਦੇ ਹਨ।

ਤੁਸੀਂ ਹਸਪਤਾਲ ਵਿੱਚ ਦਾਖ਼ਲ ਮਰੀਜ਼ ਵਜੋਂ ਕਿਹੜੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਇਹ ਤੁਹਾਡੇ ਬੀਮਾ ਕਵਰ ਦੇ ਪੱਧਰ ਦੇ ਨਾਲ-ਨਾਲ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਕੀ ਤੁਸੀਂ ਸਾਡੇ ਨੈੱਟਵਰਕ ਵਿੱਚੋਂ ਕਿਸੇ ਹਸਪਤਾਲ ਦੀ ਚੋਣ ਕਰਦੇ ਹੋ ਜਾਂ ਨਹੀਂ। ਜੇਕਰ ਤੁਸੀਂ ਸਾਡੇ ਨੈੱਟਵਰਕ ਵਿਚਲੇ ਕਿਸੇ ਨਿੱਜੀ ਹਸਪਤਾਲ ਵਿੱਚ ਜਾਂਦੇ ਹੋ ਅਤੇ (ਹਿੱਸਾ ਲੈਣ ਵਾਲੇ ਸਰਜਨਾਂ ਅਤੇ ਐਨੇਸਥੀਟਿਸਟਾਂ ਸਮੇਤ) ਅਜਿਹੇ ਡਾਕਟਰਾਂ ਦੀ ਵਰਤੋਂ ਕਰਦੇ ਹੋ ਜੋ ਸਾਡੇ ਨੈੱਟਵਰਕ ਦਾ ਹਿੱਸਾ ਹਨ, ਤਾਂ ਤੁਹਾਨੂੰ ਬੀਮਾ ਕਵਰ ਦੇ ਤਹਿਤ ਮਿਲਣ ਵਾਲੀਆਂ ਸੇਵਾਵਾਂ ਲਈ ਬਿਲਕੁਲ ਵੀ ਨਹੀਂ ਜਾਂ ਬਹੁਤ ਘੱਟ ਵਾਧੂ ਖ਼ਰਚੇ ਦੇਣੇ ਪੈਣਗੇ (ਬੀਮਾ ਐਕਸੈਸ ਦੇਣ ਤੋਂ ਇਲਾਵਾ, ਜੇਕਰ ਤੁਹਾਡੇ ਕੋਈ ਹੋਰ ਵਾਧੂ ਖ਼ਰਚੇ ਹੁੰਦੇ ਹਨ ਤਾਂ)। ਪਰ ਜੇ ਤੁਸੀਂ ਕਿਸੇ ਅਜਿਹੇ ਡਾਕਟਰ, ਨਿੱਜੀ ਜਾਂ ਸਰਕਾਰੀ ਹਸਪਤਾਲ ਜਾਂਦੇ ਹੋ ਜੋ ਸਾਡੇ ਨੈੱਟਵਰਕ ਦਾ ਹਿੱਸਾ ਨਹੀਂ ਹੈ ਤਾਂ ਤੁਹਾਡਾ ਕਾਫ਼ੀ ਜ਼ਿਆਦਾ ਵਾਧੂ ਖ਼ਰਚ ਹੋ ਸਕਦਾ ਹੈ। ਇਸ ਲਈ, ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਘੱਟ ਭੁਗਤਾਨ ਕਰਨ ਦੀ ਲੋੜ ਪਵੇ, ਪਹਿਲਾਂ ਹਮੇਸ਼ਾ ਸਾਡੀ 24/7 ਹੈਲਪਲਾਈਨ ਨੂੰ **13 68 42** (ਫਿਰ 2 ਦਬਾਓ) 'ਤੇ ਫ਼ੋਨ ਕਰਨਾ ਮਹੱਤਵਪੂਰਨ ਹੈ।


### ਬਾਹਰੀ ਮਰੀਜ਼ਾਂ ਵਜੋਂ ਇਲਾਜ (ਆਊਟਪੇਸ਼ੈਂਟ) ਸੇਵਾਵਾਂ

ਜੇਕਰ ਤੁਹਾਨੂੰ ਹਸਪਤਾਲ ਤੋਂ ਬਾਹਰ ਰਹਿ ਕੇ ਇਲਾਜ ਕਰਵਾਉਣ ਦੀ ਲੋੜ ਹੈ ਜਾਂ ਤੁਸੀਂ ਹਸਪਤਾਲ ਵਿੱਚ ਦਾਖ਼ਲ ਨਹੀਂ ਕੀਤੇ ਜਾਂਦੇ ਹੋ ਤਾਂ ਤੁਸੀਂ ਇੱਕ ਬਾਹਰੀ ਮਰੀਜ਼ ਹੋ।

ਸਭ ਤੋਂ ਆਮ ਬਾਹਰੀ ਮਰੀਜ਼ ਸੇਵਾਵਾਂ ਹਨ:
- ਮਾਹਰ ਡਾਕਟਰ ਜਾਂ ਇੱਕ ਆਮ ਡਾਕਟਰ ਦੇ ਨਾਲ ਸਲਾਹ-ਮਸ਼ਵਰਾ
- ਟੈਸਟਾਂ ਅਤੇ ਐਕਸ-ਰੇ ਲਈ ਹਸਪਤਾਲ ਜਾਣਾ*
- ਬਾਹਰੀ ਮਰੀਜ਼ ਦੇਖਣ ਵਾਲੇ ਕਲੀਨਿਕ ਜਾਣਾ
- ਐਮਰਜੈਂਸੀ ਡਿਪਾਰਟਮੈਂਟ ਸੇਵਾਵਾਂ ਦੀ ਫ਼ੀਸ
- ਐਮਰਜੈਂਸੀ ਐਂਬੂਲੈਂਸ।

ਤੁਸੀਂ ਬਾਹਰੀ ਮਰੀਜ਼ ਵਜੋਂ ਕਿਹੜੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਇਹ ਤੁਹਾਡੇ ਬੀਮਾ ਕਵਰ ਦੇ ਪੱਧਰ ਦੇ ਨਾਲ-ਨਾਲ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਕੀ ਤੁਸੀਂ ਸਾਡੇ ਨੈੱਟਵਰਕ ਵਿੱਚੋਂ ਕਿਸੇ ਹਸਪਤਾਲ ਜਾਂ ਡਾਕਟਰ ਦੀ ਚੋਣ ਕਰਦੇ ਹੋ ਜਾਂ ਨਹੀਂ। ਪਹਿਲਾਂ ਹਮੇਸ਼ਾ ਸਾਡੀ 24/7 ਹੈਲਪਲਾਈਨ ਨੂੰ **13 68 42** 'ਤੇ ਫ਼ੋਨ ਕਰਨਾ ਯਾਦ ਰੱਖੋ (ਫਿਰ 2 ਦਬਾਓ) ਤਾਂ ਜੋ ਅਸੀਂ ਸਹੀ ਸੇਵਾ ਪ੍ਰਦਾਤਾ ਲੱਭਣ ਅਤੇ ਘੱਟ ਭੁਗਤਾਨ ਕਰਨ ਵਿੱਚ ਤੁਹਾਡੀ ਮੱਦਦ ਕਰ ਸਕੀਏ।

* ਇਸ ਵਿੱਚ ਡਾਕਟਰੀ ਜਾਂਚਾਂ, ਐਕਸ-ਰੇ, ਟੀਕਾਕਰਨ ਜਾਂ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਲਈ ਵੀਜ਼ਾ ਪ੍ਰਾਪਤ ਕਰਨ ਲਈ ਲੋੜੀਂਦੇ ਕਿਸੇ ਵੀ ਇਲਾਜ, ਵੀਜ਼ੇ ਵਿੱਚ ਤਬਦੀਲੀ ਜਾਂ ਸਥਾਈ ਨਿਵਾਸ ਲਈ ਅਰਜ਼ੀ ਜਾਂ ਪੂਰਵ-ਰੁਜ਼ਗਾਰ ਉਦੇਸ਼ਾਂ ਲਈ ਡਾਕਟਰੀ ਪ੍ਰੀਖਿਆ ਦਾ ਖ਼ਰਚਾ ਸ਼ਾਮਲ ਨਹੀਂ ਹੈ।





## ਸਾਨੂੰ 24/7 ਫ਼ੋਨ ਕਰੋ ਤਾਂ ਜੋ ਅਸੀਂ ਘੱਟ ਭੁਗਤਾਨ ਕਰਨ ਵਿੱਚ ਤੁਹਾਡੀ ਮੱਦਦ ਕਰਨ ਸਕੀਏ

ਅਸੀਂ ਆਪਣੇ ਨੈੱਟਵਰਕ ਵਿੱਚ ਹਸਪਤਾਲ ਜਾਂ ਡਾਕਟਰ ਨੂੰ ਲੱਭਣਾ ਆਸਾਨ ਬਣਾਉਂਦੇ ਹਾਂ ਤਾਂ ਜੋ ਤੁਹਾਨੂੰ ਘੱਟ ਭੁਗਤਾਨ ਕਰਨਾ ਪਵੇ। ਸਾਡੀ 24/7 ਹੈਲਪਲਾਈਨ 'ਤੇ ਫ਼ੋਨ ਕਰੋ ਅਤੇ ਅਸੀਂ ਤੁਹਾਨੂੰ ਸਹੀ ਸਿਹਤ ਸੰਭਾਲ ਸੇਵਾ ਨਾਲ ਜੋੜਾਂਗੇ।
ਸਾਡੇ ਮਾਹਰਾਂ ਦੀ ਟੀਮ ਤੁਹਾਨੂੰ ਸਾਡੇ ਨੈੱਟਵਰਕ ਵਿਚਲੀ ਕਿਸੇ ਸੇਵਾ ਦੇ ਨਾਲ ਜੋੜੇਗੀ ਜਿਨ੍ਹਾਂ ਵਿੱਚ ਸ਼ਾਮਿਲ ਹਨ:

- ਆਮ ਡਾਕਟਰ (GPs)
- ਕੰਮਕਾਜੀ ਸਮੇਂ ਤੋਂ ਬਾਹਰ ਕੰਮ ਕਰਨ ਵਾਲੇ GP
- ਮਾਹਰ ਡਾਕਟਰ
- ਨਿੱਜੀ ਹਸਪਤਾਲ
- ਐਮਰਜੈਂਸੀ ਵਿਭਾਗ
- ਨਰਸਾਂ ਜੋ ਤੁਹਾਡੀ ਬਿਮਾਰੀ ਬਾਰੇ ਚਰਚਾ ਕਰਨਗੀਆਂ ਅਤੇ ਅਗਲੇ ਕਦਮਾਂ ਦਾ ਸੁਝਾਅ ਦੇਣਗੀਆਂ^
- ਨਿੱਜੀ ਸਹਾਇਤਾ ਜਿਵੇਂ ਟੈਕਸ ਸਲਾਹ ਅਤੇ ਕਾਨੂੰਨੀ ਸੇਵਾਵਾਂ+।

**13 68 42**

**ਸਾਡੀ 24/7 ਹੈਲਪਲਾਈਨ 'ਤੇ ਫ਼ੋਨ ਕਰੋ ਫਿਰ 2 ਦਬਾਓ**

^ ਇਹ ਸਿਹਤ ਸੰਭਾਲ ਸਹਾਇਤਾ ਜਾਨ ਨੂੰ ਜ਼ੋਖਮ ਜਾਂ ਡਾਕਟਰੀ ਤੌਰ 'ਤੇ ਐਮਰਜੈਂਸੀ ਵਾਲੀਆਂ ਸਥਿਤੀਆਂ ਲਈ ਨਹੀਂ ਹੈ। ਇਹ ਰੋਗ-ਪਛਾਣ (ਡਾਇਗਨੋਸਟਿਕ) ਸੇਵਾ ਨਹੀਂ ਹੈ ਅਤੇ ਕਿਸੇ ਸਿਹਤ ਪੇਸ਼ੇਵਰ ਨਾਲ ਕੀਤੇ ਜਾਣ ਵਾਲੇ ਸਲਾਹ-ਮਸ਼ਵਰੇ ਦੀ ਥਾਂ ਨਹੀਂ ਲੈਂਦੀ ਹੈ।

+ ਮੈਂਬਰ ਨਿੱਜੀ ਸਹਾਇਤਾ ਸੇਵਾ ਪ੍ਰਦਾਤਾਵਾਂ ਦੁਆਰਾ ਵਸੂਲੀ ਜਾਣ ਵਾਲੀ ਕਿਸੇ ਵੀ ਫ਼ੀਸ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਣਗੇ।



# ਵਰਕਿੰਗ ਵੀਜ਼ਾ ਹਸਪਤਾਲ ਕਵਰ

**ਜੇਕਰ ਤੁਹਾਨੂੰ ਆਪਣੇ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਪ੍ਰਾਈਵੇਟ ਸਿਹਤ ਬੀਮਾ ਚਾਹੀਦਾ ਹੈ ਤਾਂ ਇਨ੍ਹਾਂ ਵਿੱਚੋਂ ਕਿਸੇ 1 ਵਿਕਲਪ ਨੂੰ ਚੁਣੋ।**



## ਸਾਡੇ GP ਨੈੱਟਵਰਕ ਵਿਚਲੇ ਡਾਕਟਰ ਦੀ ਮੁਲਾਕਾਤ ਲਈ 100% ਵਾਪਸ ਪ੍ਰਾਪਤ ਕਰੋ

ਜਦੋਂ ਤੁਸੀਂ ਸਾਡੇ ਨੈੱਟਵਰਕ ਵਿਚਲੇ ਡਾਕਟਰ (GP) ਨੂੰ ਮਿਲਦੇ ਹੋ, ਤਾਂ ਤੁਸੀਂ ਉਸ ਫੇਰੀ ਲਈ ਦਿੱਤੀ ਫ਼ੀਸ ਦਾ 100% ਵਾਪਸ ਪ੍ਰਾਪਤ ਕਰ ਸਕਦੇ ਹੋ (ਬੇਸਿਕ ਕਵਰ ਨੂੰ ਛੱਡ ਕੇ)।

**13 68 42**

**ਸਾਡੀ 24/7 ਹੈਲਪਲਾਈਨ 'ਤੇ ਫ਼ੋਨ ਕਰੋ ਫਿਰ 2 ਦਬਾਓ**



| | ਸਿਰਫ਼ ਹਸਪਤਾਲ ਬੀਮਾ ਕਵਰ | | ਹਸਪਤਾਲ ਅਤੇ ਵਾਧੂ ਸੇਵਾਵਾਂ ਦੇ ਪੈਕੇਜ | |
|---|---|---|---|---|
| **ਵਿਸ਼ੇਸ਼ਤਾਵਾਂ** | **ਬੇਸਿਕ (ਬੁਨਿਆਦੀ)** | **ਮਿੱਡ (ਦਰਮਿਆਨਾ)** | **ਟੌਪ (ਚੋਟੀ ਦਾ)** | **ਟੌਪ ਪਲੱਸ (ਚੋਟੀ ਤੋਂ ਵੀ ਉੱਪਰ ਦਾ)** |
| **ਵੀਜ਼ੇ ਲਈ ਢੁੱਕਵਾਂ (ਵੀਜ਼ਾ ਸ਼ਰਤ 8501 ਲਈ)** | ✓ | ✓ | ✓ | ✓ |
| **ਬੀਮਾ ਐਕਸੈਸ (ਬੀਮਾ ਦਾਅਵਾ ਕਰਨ ਸਮੇਂ ਅਦਾ ਕੀਤੀ ਜਾਣ ਵਾਲੀ ਰਕਮ)** | $0 | $0 | ਆਪਣੇ ਪ੍ਰੀਮੀਅਮਾਂ ਨੂੰ ਘੱਟ ਰੱਖਣ ਲਈ $0 ਜਾਂ $250 ਦਾ ਬੀਮਾ ਐਕਸੈਸ | ਆਪਣੇ ਪ੍ਰੀਮੀਅਮਾਂ ਨੂੰ ਘੱਟ ਰੱਖਣ ਲਈ $0 ਜਾਂ $250 ਦਾ ਬੀਮਾ ਐਕਸੈਸ |
| **ਹਸਪਤਾਲ ਵਿੱਚ ਦਾਖ਼ਲ ਮਰੀਜ਼ ਵਜੋਂ ਇਲਾਜ (ਇਨਪੇਸ਼ੈਂਟ) ਸੇਵਾਵਾਂ*** | | | | |
| ਤੁਹਾਡੇ ਬੀਮਾ ਕਵਰ ਵਿੱਚ ਇਲਾਜ ਲਈ ਸਾਡੇ ਪ੍ਰਾਈਵੇਟ ਹਸਪਤਾਲ ਨੈੱਟਵਰਕ ਵਿਚਲੇ ਹਸਪਤਾਲ ਦੀ ਰਿਹਾਇਸ਼, ਓਪਰੇਟਿੰਗ ਥੀਏਟਰ ਅਤੇ ਪ੍ਰੋਸਥੇਸਿਸ (ਨਕਲੀ ਅੰਗ ਲਗਾਉਣ ਦੀ ਸੇਵਾ) ਫ਼ੀਸ ਸ਼ਾਮਲ ਹੈ | ✓ | ✓ | ✓ | ✓ |
| ਤੁਹਾਡੇ ਬੀਮਾ ਕਵਰ ਵਿੱਚ ਇਲਾਜ ਲਈ ਡਾਕਟਰਾਂ ਅਤੇ ਮਾਹਰਾਂ ਦੀਆਂ ਫ਼ੀਸਾਂ ਸ਼ਾਮਲ ਹਨ | 100% MBS^ | 100% MBS^ | 100% MBS^ | 100% MBS^ |
| **ਬਾਹਰੀ ਮਰੀਜ਼ਾਂ ਵਜੋਂ ਇਲਾਜ (ਆਊਟਪੇਸ਼ੈਂਟ) ਸੇਵਾਵਾਂ** | | | | |
| ਡਾਕਟਰਾਂ ਅਤੇ ਮਾਹਰਾਂ ਦੀਆਂ ਫ਼ੀਸਾਂ | ✕ | 100% MBS^ | 100% MBS^ | 100% MBS^ |
| MBS^ ਨਾਲ ਡਾਇਗਨੌਸਟਿਕ ਸੇਵਾਵਾਂ (ਉਦਾਹਰਨ ਲਈ ਖ਼ੂਨ ਟੈਸਟ, ਸਕੈਨ ਅਤੇ ਐਕਸ-ਰੇ+) | ✕ | 100% MBS^ | 100% MBS^ | 100% MBS^ |
| ਐਮਰਜੈਂਸੀ ਵਿੱਚ ਐਂਬੂਲੈਂਸ ਕਵਰ | ✓ | ✓ | ✓ | ✓ |
| ਐਮਰਜੈਂਸੀ ਵਿਭਾਗ ਦੀਆਂ ਫ਼ੀਸਾਂ | 100% ਸਿਰਫ਼ ਦਾਖ਼ਲ ਹੋਣ 'ਤੇ | 100% ਸਿਰਫ਼ ਦਾਖ਼ਲ ਹੋਣ 'ਤੇ | ਦਾਖ਼ਲ ਹੋਣ 'ਤੇ 100%, ਦਾਖ਼ਲ ਨਾ ਹੋਣ 'ਤੇ $200 ਪ੍ਰਤੀ ਫੇਰੀ | ਦਾਖ਼ਲ ਹੋਣ 'ਤੇ 100%, ਦਾਖ਼ਲ ਨਾ ਹੋਣ 'ਤੇ $200 ਪ੍ਰਤੀ ਫੇਰੀ |
| **ਵਧੀਕ ਸੇਵਾਵਾਂ** | | | | |
| ਮ੍ਰਿਤਕ ਦੇਹ ਦੀ ਵਾਪਸੀ | $50,000 ਤੱਕ | $100,000 ਤੱਕ | $100,000 ਤੱਕ | $110,000 ਤੱਕ |
| ਅੰਤਮ-ਸੰਸਕਾਰ ਦਾ ਕਵਰ | $15,000 ਤੱਕ | $15,000 ਤੱਕ | $15,000 ਤੱਕ | $20,000 ਤੱਕ |

* ਬੀਮਾ ਅਧੀਨ ਦਿੱਤੀਆਂ ਜਾਣ ਵਾਲੀਆਂ ਹਸਪਤਾਲ ਸੇਵਾਵਾਂ ਦੀਆਂ ਕਿਸਮਾਂ ਤੁਹਾਡੇ ਦੁਆਰਾ ਚੁਣੇ ਗਏ ਬੀਮਾ ਕਵਰ ਦੇ ਪੱਧਰ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ। ਇਹ ਪਤਾ ਕਰਨ ਲਈ ਕਿ ਹਸਪਤਾਲ ਦੀਆਂ ਕਿਹੜੀਆਂ ਸੇਵਾਵਾਂ ਤੁਹਾਡੇ ਬੀਮਾ ਕਵਰ ਅਧੀਨ ਦਿੱਤੀਆਂ ਜਾਂਦੀਆਂ ਹਨ **hcfvisitorhealthcover.com** 'ਤੇ ਜਾਓ ਅਤੇ ਉਤਪਾਦ ਸੰਖੇਪ-ਸਾਰ (ਪ੍ਰੋਡਕਟ ਸਮਰੀ) ਜਾਂ **OVHC ਫ਼ੰਡ ਰੂਲਜ਼ (OVHC Fund Rules)** ਡਾਊਨਲੋਡ ਕਰੋ।

^ ਮੈਡੀਕੇਅਰ ਬੈਨੀਫਿਟਸ ਸ਼ਡਿਊਲ (MBS) ਫ਼ੀਸ ਮੈਡੀਕੇਅਰ ਵੱਲੋਂ ਤੁਹਾਡੀ ਇਲਾਜ ਪ੍ਰਕਿਰਿਆ ਲਈ ਮਿੱਥੀ ਮਿਆਰੀ ਫ਼ੀਸ ਹੈ। ਜੇਕਰ ਤੁਹਾਡਾ ਇਲਾਜ ਪ੍ਰਦਾਤਾ MBS ਫ਼ੀਸ ਤੋਂ ਵੱਧ ਫ਼ੀਸ ਲੈਂਦਾ ਹੈ ਤਾਂ ਦੋਵਾਂ ਫ਼ੀਸਾਂ ਦੇ ਵਿਚਕਾਰ ਦੇ ਅੰਤਰ ਦਾ ਭੁਗਤਾਨ ਤੁਹਾਨੂੰ ਆਪ ਕਰਨਾ ਪਵੇਗਾ।

+ ਇਸ ਵਿੱਚ ਡਾਕਟਰੀ ਜਾਂਚਾਂ, ਐਕਸ-ਰੇ, ਟੀਕਾਕਰਨ ਜਾਂ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਲਈ ਵੀਜ਼ਾ ਪ੍ਰਾਪਤ ਕਰਨ ਲਈ ਲੋੜੀਂਦੇ ਕਿਸੇ ਵੀ ਇਲਾਜ, ਵੀਜ਼ਾ ਵਿੱਚ ਤਬਦੀਲੀ ਜਾਂ ਸਥਾਈ ਨਿਵਾਸ ਲਈ ਅਰਜ਼ੀ ਜਾਂ ਪੂਰਵ-ਰੁਜ਼ਗਾਰ ਉਦੇਸ਼ਾਂ ਲਈ ਡਾਕਟਰੀ ਪ੍ਰੀਖਿਆ ਦਾ ਖ਼ਰਚਾ ਸ਼ਾਮਲ ਨਹੀਂ ਹੈ।



### ✓ ਕਵਰਡ (ਸ਼ਾਮਲ ਸੇਵਾਵਾਂ)

ਸਾਡੇ ਨੈੱਟਵਰਕ ਵਿਚਲੇ ਕਿਸੇ ਪ੍ਰਾਈਵੇਟ ਹਸਪਤਾਲ ਜਾਂ ਡਾਕਟਰ ਸਹੂਲਤ ਵਿੱਚ ਇੱਕ ਪ੍ਰਾਈਵੇਟ ਮਰੀਜ਼ ਵਜੋਂ ਬੀਮਾ ਪ੍ਰਾਪਤ ਹੋ।

**ਨੋਟ:** ਸਾਡੇ ਦੁਆਰਾ ਭੁਗਤਾਨ ਕੀਤੇ ਜਾਣ ਵਾਲੇ ਬੀਮਾ-ਲਾਭਾਂ ਦਾ ਪੱਧਰ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕੀ ਤੁਸੀਂ HCF ਪ੍ਰਾਈਵੇਟ ਹਸਪਤਾਲ ਨੈੱਟਵਰਕ ਵਿੱਚ ਹਿੱਸਾ ਲੈਣ ਵਾਲੇ ਹਸਪਤਾਲ ਵਿੱਚ ਜਾਂਦੇ ਹੋ ਜਾਂ ਨਹੀਂ।

ਤੁਹਾਡੇ ਬੀਮਾ ਕਵਰ ਦੇ ਪੱਧਰ ਵਿੱਚ ਸ਼ਾਮਲ ਸੇਵਾਵਾਂ ਲਈ ਕਿਸੇ **ਸਰਕਾਰੀ ਹਸਪਤਾਲ** ਵਿੱਚ ਕਰਵਾਏ ਗਏ ਇਲਾਜ ਲਈ, ਭੁਗਤਾਨ ਯੋਗ ਬੀਮਾ-ਲਾਭ ਗਜ਼ਟਿਡ ਦਰ 'ਤੇ ਭੁਗਤਾਨ ਕੀਤੇ ਜਾਂਦੇ ਹਨ, ਇਸ ਲਈ ਹੋ ਸਕਦਾ ਹੈ ਕਿ ਤੁਹਾਨੂੰ ਆਪਣੀ ਜੇਬ ਵਿੱਚੋਂ ਕੁੱਝ ਖ਼ਰਚਾ ਕਰਨਾ ਪਵੇ।

ਤੁਹਾਡੇ ਬੀਮਾ ਕਵਰ ਦੇ ਪੱਧਰ ਵਿੱਚ ਸ਼ਾਮਲ ਸੇਵਾਵਾਂ ਲਈ ਕਿਸੇ **ਗ਼ੈਰ-ਭਾਗੀਦਾਰ ਪ੍ਰਾਈਵੇਟ ਹਸਪਤਾਲ** ਵਿੱਚ ਕਰਵਾਏ ਗਏ ਇਲਾਜ ਲਈ, ਭੁਗਤਾਨ ਯੋਗ ਬੀਮਾ-ਲਾਭ ਸਿਰਫ਼ ਘੱਟੋ-ਘੱਟ ਲਾਭ ਹਨ। **ਤੁਹਾਡੀ ਆਪਣੀ ਜੇਬ ਵਿੱਚੋਂ ਖ਼ਰਚੇ ਬਹੁਤ ਜ਼ਿਆਦਾ ਹੋ ਸਕਦੇ ਹਨ।**

ਤੁਹਾਡੇ ਬੀਮਾ ਕਵਰ ਦੇ ਪੱਧਰ ਵਿੱਚ ਸ਼ਾਮਲ ਸੇਵਾਵਾਂ ਲਈ ਕਿਸੇ **ਭਾਗ ਲੈਣ ਵਾਲੇ ਪ੍ਰਾਈਵੇਟ ਹਸਪਤਾਲ** ਵਿੱਚ ਕਰਵਾਏ ਗਏ ਇਲਾਜ ਲਈ, ਭੁਗਤਾਨ ਯੋਗ ਲਾਭ ਉਸ ਹਸਪਤਾਲ ਦੇ ਨਾਲ ਕੀਤੇ ਗਏ ਹਸਪਤਾਲ ਇਕਰਾਰਨਾਮੇ ਵਿੱਚ ਨਿਰਧਾਰਤ ਕੀਤੇ ਗਏ ਹਨ।

ਤੁਹਾਡੇ ਬੀਮਾ ਕਵਰ 'ਤੇ ਨਿਰਭਰ ਕਰਦੇ ਹੋਏ, ਤੁਹਾਨੂੰ ਕੁੱਝ ਬਾਹਰੀ ਮਰੀਜ਼ ਦੇ ਤੌਰ 'ਤੇ ਮਿਲਣ ਵਾਲੀਆਂ ਸੇਵਾਵਾਂ ਲਈ ਵਾਧੂ ਖ਼ਰਚੇ ਵੀ ਦੇਣੇ ਪੈ ਸਕਦੇ ਹਨ।

ਸਾਡੀ 24/7 ਹੈਲਪਲਾਈਨ ਨੂੰ **13 68 42** 'ਤੇ ਫ਼ੋਨ ਕਰੋ, ਫਿਰ 2 ਦਬਾਓ, ਤਾਂ ਜੋ ਅਸੀਂ ਸਾਡੇ ਨੈੱਟਵਰਕ ਵਿਚਲੇ ਹਸਪਤਾਲ ਅਤੇ ਡਾਕਟਰ ਕੋਲ ਜਾਣ ਵਿੱਚ ਤੁਹਾਡੀ ਮੱਦਦ ਕਰ ਸਕੀਏ।

### ✕ ਜੋ ਕਵਰ ਨਹੀਂ ਕੀਤਾ ਜਾਂਦਾ ਹੈ (ਉਹ ਸੇਵਾਵਾਂ ਜੋ ਸ਼ਾਮਲ ਨਹੀਂ ਹਨ)

### ਬਿਮਾਰੀ ਦਾ ਪਤਾ ਲਗਾਉਣ ਵਾਲੀਆਂ (ਡਾਇਗਨੌਸਟਿਕ) ਸੇਵਾਵਾਂ

ਇਸ ਵਿੱਚ ਡਾਕਟਰੀ ਜਾਂਚਾਂ, ਐਕਸ-ਰੇ, ਟੀਕਾਕਰਨ ਜਾਂ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਲਈ ਵੀਜ਼ਾ ਪ੍ਰਾਪਤ ਕਰਨ ਲਈ ਲੋੜੀਂਦੇ ਕਿਸੇ ਵੀ ਇਲਾਜ, ਵੀਜ਼ਾ ਵਿੱਚ ਤਬਦੀਲੀ ਜਾਂ ਸਥਾਈ ਨਿਵਾਸ ਲਈ ਅਰਜ਼ੀ ਜਾਂ ਪੂਰਵ-ਰੁਜ਼ਗਾਰ ਉਦੇਸ਼ਾਂ ਲਈ ਡਾਕਟਰੀ ਪ੍ਰੀਖਿਆ ਦਾ ਖ਼ਰਚਾ ਸ਼ਾਮਲ ਨਹੀਂ ਹੈ।

### ਉਡੀਕ ਦੀ ਮਿਆਦ

ਉਡੀਕ ਦੀ ਮਿਆਦ ਉਹ ਸਮਾਂ ਹੁੰਦਾ ਹੈ ਜਿਸਦੀ ਤੁਹਾਨੂੰ ਆਪਣੇ ਬੀਮਾ ਕਵਰ ਵਿੱਚ ਸ਼ਾਮਲ ਸੇਵਾਵਾਂ 'ਤੇ ਕਲੇਮ (ਦਾਅਵਾ) ਕਰ ਸਕਣ ਦੇ ਯੋਗ ਹੋਣ ਤੋਂ ਪਹਿਲਾਂ ਉਡੀਕ ਕਰਨੀ ਪੈਂਦੀ ਹੈ। 2-12 ਮਹੀਨਿਆਂ ਤੱਕ ਦੀ ਉਡੀਕ ਦੀ ਮਿਆਦ ਲਾਗੂ ਹੁੰਦੀ ਹੈ ਅਤੇ ਇਹ ਤੁਹਾਡੇ ਇਲਾਜ ਅਤੇ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕੀ ਤੁਹਾਡੀ ਬੀਮਾਰੀ ਜਾਂ ਡਾਕਟਰੀ ਸਮੱਸਿਆ ਪਹਿਲਾਂ ਤੋਂ ਮੌਜੂਦ ਸੀ ਜਾਂ ਨਹੀਂ।


### ਬੀਮਾ ਐਕਸੈਸ (ਬੀਮਾ ਦਾਅਵਾ ਕਰਨ ਸਮੇਂ ਅਦਾ ਕੀਤੀ ਜਾਣ ਵਾਲੀ ਰਕਮ)

ਬੀਮਾ ਐਕਸੈਸ (ਜਾਂ ਤਾਂ $0 ਜਾਂ $250) ਉਹ ਰਕਮ ਹੈ ਜੋ ਤੁਸੀਂ ਹਸਪਤਾਲ ਵਿੱਚ ਦਿਨ ਜਾਂ ਰਾਤ ਭਰ ਦਾਖ਼ਲ ਹੋਣ ਦੀ ਸੂਰਤ ਵਿੱਚ ਅਦਾ ਕਰਨ ਲਈ ਸਹਿਮਤੀ ਹੁੰਦੇ ਹੋ।


### ਪਹਿਲਾਂ ਤੋਂ ਮੌਜੂਦ ਡਾਕਟਰੀ ਸਮੱਸਿਆ

ਇਹ ਇੱਕ ਰੋਗ, ਬਿਮਾਰੀ ਜਾਂ ਇੱਕ ਅਜਿਹੀ ਡਾਕਟਰੀ ਸਥਿਤੀ ਹੈ ਜਿਸਦੇ ਤੁਹਾਨੂੰ ਆਪਣਾ HCF OVHC ਬੀਮਾ ਪ੍ਰਾਪਤ ਕਰਨ ਜਾਂ ਬੀਮਾ ਕਵਰ ਦੇ ਉੱਚ ਪੱਧਰ 'ਤੇ ਅੱਪਗ੍ਰੇਡ ਕਰਨ ਤੋਂ ਪਹਿਲਾਂ ਦੇ 6 ਮਹੀਨਿਆਂ ਵਿੱਚ ਲੱਛਣ ਜਾਂ ਸੰਕੇਤ ਮਿਲੇ ਸਨ, ਭਾਵੇਂ ਡਾਕਟਰ ਵੱਲੋਂ ਇਸਦੇ ਹੋਣ ਦੀ ਪਛਾਣ ਨਾ ਕੀਤੀ ਗਈ ਹੋਵੇ। ਇਹ ਟੈਸਟ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਡਾਕਟਰੀ ਸਥਿਤੀ ਦੇ ਲੱਛਣ ਜਾਂ ਸੰਕੇਤ ਦਿਖਾਉਂਦੇ ਹੋ; ਇਸਦੀ ਡਾਕਟਰ ਵੱਲੋਂ ਪਛਾਣ ਕੀਤੀ ਗਈ ਹੋਣੀ ਜ਼ਰੂਰੀ ਨਹੀਂ ਹੈ।

**ਬੀਮਾ ਕਵਰ ਦੇ ਹਰੇਕ ਪੱਧਰ ਦੁਆਰਾ ਕਵਰ ਕੀਤੀਆਂ ਜਾਂਦੀਆਂ ਬਿਮਾਰੀਆਂ ਅਤੇ ਸੇਵਾਵਾਂ ਦੀ ਵਿਸਥਾਰਪੂਰਵਕ ਸੂਚੀ ਲਈ hcfvisitorhealthcover.com 'ਤੇ ਜਾਓ ਅਤੇ ਉਤਪਾਦ ਸੰਖੇਪ-ਸਾਰ ਜਾਂ OVHC ਫ਼ੰਡ ਰੂਲਜ਼ (OVHC Fund Rules) ਡਾਊਨਲੋਡ ਕਰੋ। ਤੁਸੀਂ ਸਾਡੇ ਕਿਸੇ ਸਥਾਨ 'ਤੇ ਆਪ ਵੀ ਆ ਸਕਦੇ ਹੋ ਜਾਂ ਸਾਨੂੰ 13 68 42 'ਤੇ ਫ਼ੋਨ ਕਰ ਸਕਦੇ ਹੋ।**



# ਵਰਕਿੰਗ ਵੀਜ਼ਾ ਵਾਧੂ ਸੇਵਾਵਾਂ ਦਾ ਕਵਰ



| ਸ਼੍ਰੇਣੀ | | ਸੇਵਾ | ਉਡੀਕ ਦੀ ਮਿਆਦ | ਓਵਰਸੀਜ਼ ਵਿਜ਼ਿਟਰਜ਼ ਟੌਪ ਹਸਪਤਾਲ ਕਵਰ ਦੇ ਨਾਲ ਮਿਲਾਇਆ ਹੋਇਆ<br>ਟੌਪ | ਓਵਰਸੀਜ਼ ਵਿਜ਼ਿਟਰਜ਼ ਟੌਪ ਪਲੱਸ ਹਸਪਤਾਲ ਕਵਰ ਦੇ ਨਾਲ ਮਿਲਾਇਆ ਹੋਇਆ<br>ਟੌਪ ਪਲੱਸ |
|---|---|---|---|---|---|
| | | | | ਸਾਲਾਨਾ ਲਾਭ ਸੀਮਾਵਾਂ, ਪ੍ਰਤੀ ਵਿਅਕਤੀ, ਪ੍ਰਤੀ ਕੈਲੰਡਰ ਸਾਲ, ਜਦੋਂ ਤੱਕ ਕੁੱਝ ਹੋਰ ਨਿਰਧਾਰਤ ਨਾ ਕੀਤਾ ਗਿਆ ਹੋਵੇ (ਹਰੇਕ ਸੇਵਾ ਆਈਟਮ ਲਈ ਮਿੱਥੇ ਹੋਏ ਬੀਮਾ-ਲਾਭ ਲਾਗੂ ਹੁੰਦੇ ਹਨ) | |
| | | | | ਸੀਮਾਵਾਂ | ਸੀਮਾਵਾਂ |
| ਦੰਦਾਂ ਦੀਆਂ ਆਮ ਸੇਵਾਵਾਂ | ਡਾਇਗਨੋਸਟਿਕ (ਰੋਗ-ਪਛਾਣ) ਅਤੇ ਰੋਕਥਾਮ | ਜਾਂਚ ਜਿਵੇਂ ਕਿ ਆਈਟਮ 012 | 2 ਮਹੀਨੇ | $600 ਹਰੇਕ ਕੈਲੰਡਰ ਸਾਲ ਵਿੱਚ ਪ੍ਰਤੀ ਵਿਅਕਤੀ ਵੱਧ ਤੋਂ ਵੱਧ 2 ਵਾਰ ਚੈੱਕ ਅੱਪ, 2 ਸਕੇਲ ਅਤੇ ਕਲੀਨ (ਡਾਕਟਰ ਦੁਆਰਾ ਦੰਦਾਂ ਦੇ ਕ੍ਰੀੜ੍ਹੇ ਨੂੰ ਸਾਫ਼ ਕਰਨਾ) ਅਤੇ 1 ਫਲੋਰਾਈਡ ਟ੍ਰੀਟਮੈਂਟ (ਦੰਦਾਂ ਉਪਰ ਫਲੋਰਾਈਡ ਦਾ ਲੇਪ ਕਰਨਾ) | ਹਰੇਕ ਕੈਲੰਡਰ ਸਾਲ ਵਿੱਚ ਪ੍ਰਤੀ ਵਿਅਕਤੀ ਵੱਧ ਤੋਂ ਵੱਧ 2 ਵਾਰ ਚੈੱਕ ਅੱਪ, 2 ਸਕੇਲ ਅਤੇ ਕਲੀਨ (ਡਾਕਟਰ ਦੁਆਰਾ ਦੰਦਾਂ ਦੇ ਕ੍ਰੀੜ੍ਹੇ ਨੂੰ ਸਾਫ਼ ਕਰਨਾ) ਅਤੇ 1 ਫਲੋਰਾਈਡ ਟ੍ਰੀਟਮੈਂਟ (ਦੰਦਾਂ ਉਪਰ ਫਲੋਰਾਈਡ ਦਾ ਲੇਪ ਕਰਨਾ) |
| | | ਸਿੰਗਲ ਫਿਲਮ ਐਕਸ-ਰੇ ਜਿਵੇਂ ਕਿ ਲਈ ਆਈਟਮ 022 (ਉਸੇ ਦਿਨ ਕੀਤਾ ਜਾਣਾ) | | | |
| | | ਪਲਾਕ/ਕਲਕੂਲਸ (ਕ੍ਰੀੜ੍ਹੇ/ਪੇਪੜੀ) ਨੂੰ ਹਟਾਉਣਾ ਜਿਵੇਂ ਕਿ ਆਈਟਮ 114 | | | |
| | | ਫਲੋਰਾਈਡ ਦੀ ਵਰਤੋਂ ਜਿਵੇਂ ਕਿ ਆਈਟਮ 121 | | | |
| | ਦੰਦ ਕੱਢਣੇ | ਸਧਾਰਨ ਦੰਦ ਕੱਢਣਾ ਜਿਵੇਂ ਕਿ ਆਈਟਮ 311 | | | $1,200 (ਆਰਥੋਡੌਨਟਿਕਸ ਦੁਆਰਾ ਸੇਵਾਵਾਂ ਲਈ $2,400 ਦੀ ਔਰਥੋਡੌਂਟਿਕ ਜੀਵਨ ਭਰ ਦੇ ਸਮੇਂ ਲਈ ਸੀਮਾ ਅਤੇ ਦੰਦਾਂ ਦੇ ਦੂਜੇ ਡਾਕਟਰਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਆਰਥੋਡੌਂਟਿਕ ਸੇਵਾਵਾਂ ਲਈ $1,200 ਦੀ ਉਪ-ਸੀਮਾ) |
| | ਦੰਦ ਭਰਾਈ - ਸਿੱਧੀ | ਸਿੱਧੀ ਦੰਦ ਭਰਾਈ (1-2 ਸਤ੍ਹਾ) ਉਦਾਹਰਨ ਲਈ ਆਈਟਮ 532 | | | |
| | | ਸਿੱਧੀ ਦੰਦ ਭਰਾਈ (3 ਜਾਂ ਵੱਧ ਸਤ੍ਹਾ) ਉਦਾਹਰਨ ਲਈ ਆਈਟਮ 533 | | | |
| ਦੰਦਾਂ ਦੀਆਂ ਵੱਡੀਆਂ ਸੇਵਾਵਾਂ | ਦੰਦ ਭਰਾਈ - ਅਸਿੱਧੀ | ਅਸਿੱਧੀ ਦੰਦ ਭਰਾਈ ਉਦਾਹਰਨ ਲਈ ਆਈਟਮ 555 | 12 ਮਹੀਨੇ | | |
| | ਮੂੰਹ ਦੀ ਸਰਜਰੀ | ਸਰਜਰੀ ਦੁਆਰਾ ਦੰਦ ਕੱਢਣੇ ਜਿਵੇਂ ਕਿ ਆਈਟਮ 324 | | | |
| | | ਔਕਲੂਸਲ ਥੈਰੇਪੀ ਉਦਾਹਰਨ ਲਈ ਆਈਟਮ 965 | | | |
| | ਪੀਰੀਅਡੋਂਟਿਕਸ | ਦੰਦਾਂ ਦੇ ਡਾਕਟਰ ਦੁਆਰਾ ਦੰਦਾਂ ਦੇ ਆਲੇ-ਦੁਆਲੇ ਦੇ ਟਿਸ਼ੂ ਦਾ ਇਲਾਜ ਜਿਵੇਂ ਕਿ ਆਈਟਮ 222 | | | |
| | ਐਂਡੋਡੌਨਟਿਕਸ | ਜਾੜ੍ਹਾਂ ਦਾ (ਰੂਟ ਕਨਾਲ ਦਾ) ਇਲਾਜ ਜਿਵੇਂ ਕਿ ਆਈਟਮ 415 | | | |
| | ਖੋਲ ਅਤੇ ਦੰਦਾਂ ਨਾਲ ਜੋੜ ਕੇ ਟੁੱਟਿਆ ਦੰਦ ਲਗਵਾਉਣਾ (ਕ੍ਰਾਊਨ ਐਂਡ ਬ੍ਰਿਜ਼) | ਖੋਲ ਅਤੇ ਦੰਦਾਂ ਨਾਲ ਜੋੜ ਕੇ ਟੁੱਟਿਆ ਦੰਦ ਲਗਵਾਉਣਾ ਜਿਵੇਂ ਕਿ ਆਈਟਮ 613 | | | |
| | ਨਕਲੀ ਦੰਦ | ਨਕਲੀ ਦੰਦਾਂ ਅਤੇ/ਜਾਂ ਹਿੱਸੇ (ਅੰਸ਼ਕ ਅਤੇ ਸੰਪੂਰਨ) ਉਦਾਹਰਨ ਲਈ ਆਈਟਮ 711<br>ਲਾਭ ਸੀਮਾਵਾਂ ਹਰ 36 ਮਹੀਨਿਆਂ ਬਾਅਦ ਨਵਿਆਈਆਂ ਜਾਂਦੀਆਂ ਹਨ | | | |
| | ਆਰਥੋਡੌਂਟਿਕਸ | ਇੱਕ ਆਰਥੋਡੌਂਟਿਕਸ/ ਦੰਦਾਂ ਦੇ ਹੋਰ ਡਾਕਟਰ ਦੁਆਰਾ ਦੰਦਾਂ ਅਤੇ ਜਬਾੜਿਆਂ ਨੂੰ ਠੀਕ ਕਰਨਾ ਜਿਵੇਂ ਕਿ ਆਈਟਮ 831 | | × | |
| ਅੱਖਾਂ ਬਾਰੇ (ਆਪਟੀਕਲ) | ਐਨਕਾਂ ਅਤੇ ਕੰਟੈਕਟ ਲੈਂਸਜ਼ | ਨਿਗ੍ਹਾ ਵਾਲੀਆਂ ਐਨਕਾਂ ਦੇ ਫਰੇਮ ਜਿਵੇਂ ਕਿ ਆਈਟਮ V110 | 2 ਮਹੀਨੇ | $150 | $250 |
| | | ਨਿਗ੍ਹਾ ਵਾਲੀਆਂ ਐਨਕਾਂ ਦੇ ਸ਼ੀਸ਼ੇ - ਜੋੜਾ* ਉਦਾਹਰਨ ਲਈ ਆਈਟਮ V212 | | | |
| | | ਕੰਟੈਕਟ ਲੈਂਸਜ਼ - ਜੋੜਾ ਉਦਾਹਰਨ ਲਈ ਆਈਟਮ V852 | | | |
| | ਅੱਖਾਂ ਦਾ ਟੈਸਟ | ਅੱਖਾਂ ਦਾ ਟੈਸਟ (MBS ਆਈਟਮ) | | ਹਰ 36 ਮਹੀਨਿਆਂ ਵਿੱਚ 1 ਵਾਰ ਅੱਖਾਂ ਦਾ ਟੈਸਟ | ਹਰ 36 ਮਹੀਨਿਆਂ ਵਿੱਚ 1 ਵਾਰ ਅੱਖਾਂ ਦਾ ਟੈਸਟ |
| ਥੈਰੇਪੀਆਂ | ਪਹਿਲੀ/ਉਸਤੋਂ ਬਾਅਦ ਵਾਲੀਆਂ | ਫਿਜ਼ੀਓਥੈਰੇਪੀ (ਗਰੁੱਪ ਅਤੇ/ਜਾਂ ਕਲਾਸਾਂ ਨੂੰ ਛੱਡ ਕੇ) | 2 ਮਹੀਨੇ (ਪੈਰ ਦੇ ਆਰਥੋਟਿਕਸ ਲਈ 12 ਮਹੀਨੇ) | $350 (ਕੁਦਰਤੀ ਥੈਰੇਪੀਆਂ ਦੇ ਨਾਲ) | $600 |
| | | ਕਸਰਤ ਫਿਜ਼ੀਓਲੋਜੀ (ਗਰੁੱਪ ਅਤੇ/ਜਾਂ ਕਲਾਸਾਂ ਨੂੰ ਛੱਡ ਕੇ) | | | |
| | | ਰੀੜ੍ਹ ਦੀ ਹੱਡੀ ਬਾਰੇ (ਕਾਇਰੋਪ੍ਰੈਕਟਿਕ) | | | $500 ਵੱਧ ਤੋਂ ਵੱਧ $1,000 ਪ੍ਰਤੀ ਬੀਮਾ ਪਾਲਿਸੀ |
| | | ਓਸਟੀਓਪੈਥੀ | | | |
| | | ਪੋਡੀਆਟਰੀ (ਆਰਥੋਟਿਕਸ ਸਮੇਤ) | | × | ਆਰਥੋਟਿਕਸ ਲਈ $250 ਅਤੇ $150 ਉਪ-ਸੀਮਾ |
| | | ਆਹਾਰ ਵਿਗਿਆਨ | | | |
| ਕੁਦਰਤੀ ਇਲਾਜ ਥੈਰੇਪੀਆਂ | ਪਹਿਲੀ/ਉਸਤੋਂ ਬਾਅਦ ਵਾਲੀਆਂ | ਇਲਾਜ ਵਾਲੀ ਮਾਲਸ਼ | | ਹਰੇਕ ਥੈਰੇਪੀ ਲਈ $150 ਉਪ-ਸੀਮਾ (ਹੋਰ ਥੈਰੇਪੀਆਂ ਦੇ ਨਾਲ ਮਿਲਾ ਕੇ) | ਵੱਧ ਤੋਂ ਵੱਧ $450, ਹਰ ਥੈਰੇਪੀ ਲਈ $250 |
| | | ਮਾਇਓਥੈਰੇਪੀ | | | |
| | | ਐਕਯੂਪੰਕਚਰ ਸਲਾਹ-ਮਸ਼ਵਰਾ (ਜੜੀ-ਬੂਟੀਆਂ ਸ਼ਾਮਲ ਨਹੀਂ ਹਨ) | | | |
| | | ਚੀਨੀ ਜੜੀ-ਬੂਟੀਆਂ ਦੀ ਦਵਾਈ ਬਾਰੇ ਸਲਾਹ-ਮਸ਼ਵਰਾ (ਜੜੀ-ਬੂਟੀਆਂ ਸ਼ਾਮਲ ਨਹੀਂ ਹਨ) | | | |

## ਪ੍ਰਸਿੱਧ ਵਾਧੂ ਸੇਵਾਵਾਂ 'ਤੇ 100% ਵਾਪਸ ਪ੍ਰਾਪਤ ਕਰੋ

ਟੌਪ ਅਤੇ ਟੌਪ ਪਲੱਸ ਬੀਮਾ ਕਵਰ 'ਤੇ, ਤੁਸੀਂ ਸਾਡੀਆਂ ਸਾਲਾਨਾ ਸੀਮਾਵਾਂ ਤੱਕ, ਸਾਡੇ ਨੈੱਟਵਰਕ ਵਿਚਲੇ ਵਾਧੂ ਸੇਵਾਵਾਂ ਪ੍ਰਦਾਤਾਵਾਂ ਤੋਂ 100% ਵਾਪਸ ਪ੍ਰਾਪਤ ਕਰ ਸਕਦੇ ਹੋ। ਜਿਸ ਵਿੱਚ ਸ਼ਾਮਿਲ ਹਨ:

- ਸਾਡੇ ਨੈੱਟਵਰਕ ਰਾਹੀਂ ਦੰਦਾਂ ਦੀ ਜਾਂਚ
- ਸਾਡੇ ਨੈੱਟਵਰਕ ਰਾਹੀਂ ਤੁਹਾਡੀਆਂ ਅੱਖਾਂ ਦੀ ਜਾਂਚ ਦੇ ਨਾਲ ਨਿਗ੍ਹਾ ਵਾਲੀਆਂ ਐਨਕਾਂ ਅਤੇ ਮੁਫ਼ਤ ਡਿਜ਼ੀਟਲ ਰੈਟਿਨਲ ਇਮੇਜਿੰਗ*
- ਸਾਡੇ ਨੈੱਟਵਰਕ ਵਿਚਲੇ ਕਿਸੇ ਕਾਇਰੋ ਅਤੇ ਓਸਟੀਓ ਕੋਲ ਪਹਿਲੀ ਫੇਰੀ
- ਸਾਡੇ ਨੈੱਟਵਰਕ ਵਿਚਲੇ ਕਿਸੇ ਫਿਜ਼ੀਓ ਕੋਲ ਪਹਿਲੀ ਫੇਰੀ
- ਸਾਡੇ ਨੈੱਟਵਰਕ ਵਿਚਲੇ ਕਿਸੇ ਪੋਡੀਆਟ੍ਰਿਸਟ ਕੋਲ ਪਹਿਲੀ ਫੇਰੀ, ਸਿਰਫ਼ ਟੌਪ ਪਲੱਸ ਬੀਮਾ ਕਵਰ 'ਤੇ।

* ਵਾਧੂ ਚੀਜ਼ਾਂ (ਐਡ-ਆਨ) ਜਿਵੇਂ ਕਿ ਲੈਂਸਜ਼ ਕੋਟਿੰਗ (ਸ਼ੀਸ਼ਿਆਂ 'ਤੇ ਪਰਤਾਂ) ਅਤੇ ਹਾਈ-ਇੰਡੈਕਸ (ਪਤਲੇ ਅਤੇ ਹਲਕੇ ਸ਼ੀਸ਼ੇ) ਸਮੱਗਰੀ ਸ਼ਾਮਲ ਨਹੀਂ ਹਨ।

## × ਜੋ ਕਵਰ ਨਹੀਂ ਕੀਤਾ ਜਾਂਦਾ ਹੈ (ਉਹ ਸੇਵਾਵਾਂ ਜੋ ਸ਼ਾਮਲ ਨਹੀਂ ਹਨ)

HCF ਸਾਡੇ ਵਾਧੂ ਸੇਵਾਵਾਂ ਦੇਣ ਵਾਲੇ ਉਤਪਾਦਾਂ 'ਤੇ ਕੁੱਝ ਸੇਵਾਵਾਂ ਨੂੰ ਕਵਰ ਨਹੀਂ ਕਰਦਾ ਹੈ। ਹੇਠ ਲਿਖੀਆਂ ਸੇਵਾਵਾਂ ਲਈ HCF ਤੋਂ ਕੋਈ ਲਾਭ ਭੁਗਤਾਨ ਯੋਗ ਨਹੀਂ ਹੋਵੇਗਾ:

- ਬਾਹਰੀ ਮਰੀਜ਼ ਵਜੋਂ ਮਨੋਵਿਗਿਆਨ ਸੇਵਾਵਾਂ
- ਆਕੂਪੇਸ਼ਨਲ ਥੈਰੇਪੀ
- ਆਡੀਓਲੋਜੀ
- ਸਪੀਚ ਪੈਥੋਲੋਜੀ
- ਅਲੈਗਜ਼ੈਂਡਰ ਤਕਨੀਕ
- ਕੰਨਾਂ ਵਾਲੀ ਮਸ਼ੀਨ, ਨਕਲੀ ਸਹਾਇਤਾ ਉਪਕਰਨ
- ਸਿਹਤ ਪ੍ਰਬੰਧਨ ਪ੍ਰੋਗਰਾਮ
- ਸਕੂਲ ਦੁਰਘਟਨਾ ਲਾਭ
- ਪੋਸ਼ਣ ਸੰਬੰਧੀ ਸਲਾਹ-ਮਸ਼ਵਰੇ
- ਨੈਚਰੋਪੈਥੀ।



# ਵਿਜ਼ਿਟਰਜ਼ ਵੀਜ਼ਾ ਕਵਰ

**ਭਾਵੇਂ ਤੁਹਾਨੂੰ ਆਪਣਾ ਵੀਜ਼ਾ ਲੈਣ ਲਈ ਪ੍ਰਾਈਵੇਟ ਸਿਹਤ ਬੀਮੇ ਦੀ ਲੋੜ ਨਹੀਂ ਹੈ, ਪਰ ਇਹ ਤੁਹਾਨੂੰ ਮਨ ਦੀ ਸ਼ਾਂਤੀ ਦੇ ਸਕਦਾ ਹੈ। ਤੁਸੀਂ ਇਹ ਪਤਾ ਹੋਣ ਦੇ ਨਾਲ ਆਸਟ੍ਰੇਲੀਆ ਵਿੱਚ ਆਪਣੇ ਸਮੇਂ ਦਾ ਆਨੰਦ ਲੈ ਸਕਦੇ ਹੋ ਕਿ ਜੇਕਰ ਤੁਸੀਂ ਅਚਾਨਕ ਬਿਮਾਰ ਜਾਂ ਜ਼ਖਮੀ ਹੋ ਜਾਂਦੇ ਹੋ ਤਾਂ ਤੁਸੀਂ ਬੀਮਾ ਸੁਰੱਖਿਅਤ ਹੋ।**

**ਇਹ ਬੀਮਾ ਕਵਰ ਵੀਜ਼ੇ ਦੀ ਸ਼ਰਤ 8501 ਲਈ ਸਿਹਤ ਬੀਮਾ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ ਹਨ।**



## ਕਿਸੇ ਡਾਕਟਰ ਜਾਂ ਹਸਪਤਾਲ ਵਿੱਚ ਜਾਣ ਤੋਂ ਪਹਿਲਾਂ ਸਾਨੂੰ 24/7 ਫ਼ੋਨ ਕਰੋ

ਅਸੀਂ ਆਪਣੇ ਨੈੱਟਵਰਕ ਵਿੱਚ ਹਸਪਤਾਲ ਜਾਂ ਡਾਕਟਰ ਨੂੰ ਲੱਭਣਾ ਆਸਾਨ ਬਣਾਉਂਦੇ ਹਾਂ ਤਾਂ ਜੋ ਤੁਹਾਨੂੰ ਘੱਟ ਭੁਗਤਾਨ ਕਰਨਾ ਪਵੇ। ਸਾਡੀ 24/7 ਹੈਲਪਲਾਈਨ 'ਤੇ ਫ਼ੋਨ ਕਰੋ ਅਤੇ ਸਾਡੇ ਮਾਹਰਾਂ ਦੀ ਟੀਮ ਤੁਹਾਨੂੰ ਸਹੀ ਸਿਹਤ ਸੰਭਾਲ ਸੇਵਾ ਨਾਲ ਜੋੜੇਗੀ।

**13 68 42**

**ਸਾਡੀ 24/7 ਹੈਲਪਲਾਈਨ 'ਤੇ ਫ਼ੋਨ ਕਰੋ ਫਿਰ 2 ਦਬਾਓ**



## ਸਾਡੇ GP ਨੈੱਟਵਰਕ ਵਿਚਲੇ ਡਾਕਟਰ ਦੀ ਮੁਲਾਕਾਤ ਲਈ 100% ਵਾਪਸ ਪ੍ਰਾਪਤ ਕਰੋ

ਜਦੋਂ ਤੁਸੀਂ ਸਾਡੇ ਨੈੱਟਵਰਕ ਵਿਚਲੇ ਡਾਕਟਰ (GP) ਨੂੰ ਮਿਲਦੇ ਹੋ, ਤਾਂ ਤੁਸੀਂ ਉਸ ਫੇਰੀ ਲਈ ਦਿੱਤੀ ਫ਼ੀਸ ਦਾ 100% ਵਾਪਸ ਪ੍ਰਾਪਤ ਕਰ ਸਕਦੇ ਹੋ (ਬੇਸਿਕ ਕਵਰ ਨੂੰ ਛੱਡ ਕੇ)।

**13 68 42**

**ਸਾਡੀ 24/7 ਹੈਲਪਲਾਈਨ 'ਤੇ ਫ਼ੋਨ ਕਰੋ ਫਿਰ 2 ਦਬਾਓ**

| | ਸਿਰਫ਼ ਹਸਪਤਾਲ ਬੀਮਾ ਕਵਰ | | |
|---|---|---|---|
| **ਵਿਸ਼ੇਸ਼ਤਾਵਾਂ** | **ਸ਼ੌਰਟ ਸਟੇਅ (ਥੋੜ੍ਹੇ ਸਮੇਂ ਦਾ ਠਹਿਰਾਓ)** | **ਐਸੈਂਸ਼ੀਅਲ (ਜ਼ਰੂਰੀ)** | **ਐਸੈਂਸ਼ੀਅਲ ਪਲੱਸ (ਜ਼ਰੂਰੀ ਤੋਂ ਥੋੜ੍ਹਾ ਵੱਧ)** |
| ਵੀਜ਼ੇ ਲਈ ਢੁੱਕਵਾਂ (ਵੀਜ਼ਾ ਸ਼ਰਤ 8501 ਲਈ) | ✕ | ✕ | ✕ |
| ਬੀਮਾ ਐਕਸੈਸ (ਬੀਮਾ ਦਾਅਵਾ ਕਰਨ ਸਮੇਂ ਅਦਾ ਕੀਤੀ ਜਾਣ ਵਾਲੀ ਰਕਮ) | $250 | $250 | $250 |
| ਇਕੱਲੇ ਵਿਅਕਤੀਆਂ ਅਤੇ ਜੋੜਿਆਂ ਲਈ ਉਪਲਬਧ ਹੈ | ✓ | ✓ | ✓ |
| ਪਰਿਵਾਰਾਂ ਲਈ ਉਪਲਬਧ ਹੈ | ✕ | ✓ | ✓ |
| ਪਹਿਲਾਂ ਤੋਂ ਮੌਜੂਦ ਡਾਕਟਰੀ ਸਥਿਤੀਆਂ ਲਈ ਬੀਮਾ ਕਵਰ (ਸ਼ਾਮਲ ਸੇਵਾਵਾਂ ਲਈ ਅਤੇ ਸੰਬੰਧਿਤ ਉਡੀਕ ਸਮੇਂ ਦੇ ਪੂਰੇ ਹੋਣ ਤੋਂ ਬਾਅਦ) | ✕ | ✓ | ✓ |
| **ਹਸਪਤਾਲ ਵਿੱਚ ਦਾਖ਼ਲ ਮਰੀਜ਼ ਵਜੋਂ ਇਲਾਜ (ਇਨਪੇਸ਼ੈਂਟ) ਸੇਵਾਵਾਂ*** | | | |
| ਤੁਹਾਡੇ ਬੀਮਾ ਕਵਰ ਵਿੱਚ ਇਲਾਜ ਲਈ ਸਾਡੇ ਪ੍ਰਾਈਵੇਟ ਹਸਪਤਾਲ ਨੈੱਟਵਰਕ ਵਿਚਲੇ ਹਸਪਤਾਲ ਦੀ ਰਿਹਾਇਸ਼, ਓਪਰੇਟਿੰਗ ਥੀਏਟਰ ਅਤੇ ਪ੍ਰੋਸਥੇਸਿਸ (ਨਕਲੀ ਅੰਗ ਲਗਾਉਣ ਦੀ ਸੇਵਾ) ਫ਼ੀਸ ਸ਼ਾਮਲ ਹੈ | ✓ | ✓ | ✓ |
| ਤੁਹਾਡੇ ਬੀਮਾ ਕਵਰ ਵਿੱਚ ਇਲਾਜ ਲਈ ਡਾਕਟਰਾਂ ਅਤੇ ਮਾਹਰਾਂ ਦੀਆਂ ਫ਼ੀਸਾਂ ਸ਼ਾਮਲ ਹਨ | 100% MBS^ | 100% MBS^ | 100% MBS^ |
| **ਬਾਹਰੀ ਮਰੀਜ਼ਾਂ ਵਜੋਂ ਇਲਾਜ (ਆਊਟਪੇਸ਼ੈਂਟ) ਸੇਵਾਵਾਂ** | | | |
| ਡਾਕਟਰਾਂ ਅਤੇ ਮਾਹਰਾਂ ਦੀਆਂ ਫ਼ੀਸਾਂ | 100% MBS^ | 100% MBS^ | 100% MBS^ |
| MBS^ ਨਾਲ ਡਾਇਗਨੋਸਟਿਕ ਸੇਵਾਵਾਂ (ਉਦਾਹਰਨ ਲਈ ਖ਼ੂਨ ਟੈਸਟ, ਸਕੈਨ ਅਤੇ ਐਕਸ-ਰੇ+) | 100% MBS^ | 100% MBS^ | 100% MBS^ |
| ਐਮਰਜੈਂਸੀ ਵਿੱਚ ਐਂਬੂਲੈਂਸ ਕਵਰ | ✓ | ✓ | ✓ |
| ਐਮਰਜੈਂਸੀ ਵਿਭਾਗ ਦੀ ਫ਼ੀਸ ਵੱਧ ਤੋਂ ਵੱਧ $200 ਪ੍ਰਤੀ ਫੇਰੀ ਤੱਕ ਹੈ | ✓ | ✓ | ✓ |

* ਬੀਮਾ ਅਧੀਨ ਦਿੱਤੀਆਂ ਜਾਣ ਵਾਲੀਆਂ ਹਸਪਤਾਲ ਸੇਵਾਵਾਂ ਦੀਆਂ ਕਿਸਮਾਂ ਤੁਹਾਡੇ ਦੁਆਰਾ ਚੁਣੇ ਗਏ ਬੀਮਾ ਕਵਰ ਦੇ ਪੱਧਰ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ। ਇਹ ਪਤਾ ਕਰਨ ਲਈ ਕਿ ਹਸਪਤਾਲ ਦੀਆਂ ਕਿਹੜੀਆਂ ਸੇਵਾਵਾਂ ਤੁਹਾਡੇ ਬੀਮਾ ਕਵਰ ਅਧੀਨ ਦਿੱਤੀਆਂ ਜਾਂਦੀਆਂ ਹਨ **hcfvisitorhealthcover.com** 'ਤੇ ਜਾਓ ਅਤੇ ਉਤਪਾਦ ਸੰਖੇਪ-ਸਾਰ (ਪ੍ਰੋਡਕਟ ਸਮਰੀ) ਜਾਂ OVHC ਫ਼ੰਡ ਰੂਲਜ਼ (**OVHC Fund Rules**) ਡਾਊਨਲੋਡ ਕਰੋ।

^ ਮੈਡੀਕੇਅਰ ਬੈਨੀਫਿਟਸ ਸ਼ਡਿਊਲ (MBS) ਫ਼ੀਸ ਮੈਡੀਕੇਅਰ ਵੱਲੋਂ ਤੁਹਾਡੀ ਇਲਾਜ ਪ੍ਰਕਿਰਿਆ ਲਈ ਮਿੱਥੀ ਮਿਆਰੀ ਫ਼ੀਸ ਹੈ। ਜੇਕਰ ਤੁਹਾਡਾ ਇਲਾਜ ਪ੍ਰਦਾਤਾ MBS ਫ਼ੀਸ ਤੋਂ ਵੱਧ ਫ਼ੀਸ ਲੈਂਦਾ ਹੈ ਤਾਂ ਦੋਵਾਂ ਫ਼ੀਸਾਂ ਦੇ ਵਿਚਕਾਰ ਦੇ ਅੰਤਰ ਦਾ ਭੁਗਤਾਨ ਤੁਹਾਨੂੰ ਆਪ ਕਰਨਾ ਪਵੇਗਾ।

\+ ਇਸ ਵਿੱਚ ਡਾਕਟਰੀ ਜਾਂਚਾਂ, ਐਕਸ-ਰੇ, ਟੀਕਾਕਰਨ ਜਾਂ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਲਈ ਵੀਜ਼ਾ ਪ੍ਰਾਪਤ ਕਰਨ ਲਈ ਲੋੜੀਂਦੇ ਕਿਸੇ ਵੀ ਇਲਾਜ, ਵੀਜ਼ਾ ਵਿੱਚ ਤਬਦੀਲੀ ਜਾਂ ਸਥਾਈ ਨਿਵਾਸ ਲਈ ਅਰਜ਼ੀ ਜਾਂ ਪੂਰਵ-ਰੁਜ਼ਗਾਰ ਉਦੇਸ਼ਾਂ ਲਈ ਡਾਕਟਰੀ ਪ੍ਰੀਖਿਆ ਦਾ ਖ਼ਰਚਾ ਸ਼ਾਮਲ ਨਹੀਂ ਹੈ।

### ✓ ਕਵਰਡ (ਸ਼ਾਮਲ ਸੇਵਾਵਾਂ)

ਸਾਡੇ ਨੈੱਟਵਰਕ ਵਿਚਲੇ ਕਿਸੇ ਪ੍ਰਾਈਵੇਟ ਹਸਪਤਾਲ ਜਾਂ ਡਾਕਟਰ ਸਹੂਲਤ ਵਿੱਚ ਇੱਕ ਪ੍ਰਾਈਵੇਟ ਮਰੀਜ਼ ਵਜੋਂ ਬੀਮਾ ਪ੍ਰਾਪਤ ਹੋ।

**ਨੋਟ:** ਜਾਂ ਤਾਂ ਜਨਤਕ ਜਾਂ ਗੈਰ-ਭਾਗੀਦਾਰੀ ਵਾਲੇ ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਏ ਗਏ ਸਾਰੇ ਇਲਾਜ, ਜਿਸ ਵਿੱਚ ਉਹ ਸੇਵਾਵਾਂ ਜਾਂ ਡਾਕਟਰੀ ਸਥਿਤੀਆਂ ਤੁਹਾਡੇ ਬੀਮਾ ਕਵਰ ਦੇ ਪੱਧਰ ਵਿੱਚ ਲਾਭ ਲੈਣ ਵਜੋਂ ਸੂਚੀਬੱਧ ਹਨ, ਸਿਰਫ਼ ਘੱਟੋ-ਘੱਟ ਲਾਭਾਂ 'ਤੇ ਭੁਗਤਾਨਯੋਗ ਹਨ ਅਤੇ ਤੁਹਾਨੂੰ ਵਾਧੂ ਖ਼ਰਚਿਆਂ ਦਾ ਭੁਗਤਾਨ ਕਰਨ ਦੀ ਲੋੜ ਹੋਵੇਗੀ। **ਤੁਹਾਡੀ ਆਪਣੀ ਜੇਬ ਵਿੱਚੋਂ ਖ਼ਰਚੇ ਬਹੁਤ ਜ਼ਿਆਦਾ ਹੋ ਸਕਦੇ ਹਨ।** ਤੁਹਾਡੇ ਬੀਮਾ ਕਵਰ 'ਤੇ ਨਿਰਭਰ ਕਰਦੇ ਹੋਏ, ਤੁਹਾਨੂੰ ਕੁੱਝ ਬਾਹਰੀ ਮਰੀਜ਼ ਦੇ ਤੌਰ 'ਤੇ ਮਿਲਣ ਵਾਲੀਆਂ ਸੇਵਾਵਾਂ ਲਈ ਵਾਧੂ ਖ਼ਰਚੇ ਵੀ ਦੇਣੇ ਪੈ ਸਕਦੇ ਹਨ।

### ✕ ਜੋ ਕਵਰ ਨਹੀਂ ਕੀਤਾ ਜਾਂਦਾ ਹੈ (ਉਹ ਸੇਵਾਵਾਂ ਜੋ ਸ਼ਾਮਲ ਨਹੀਂ ਹਨ)

### ਬਿਮਾਰੀ ਦਾ ਪਤਾ ਲਗਾਉਣ ਵਾਲੀਆਂ (ਡਾਇਗਨੋਸਟਿਕ) ਸੇਵਾਵਾਂ

ਇਸ ਵਿੱਚ ਡਾਕਟਰੀ ਜਾਂਚਾਂ, ਐਕਸ-ਰੇ, ਟੀਕਾਕਰਨ ਜਾਂ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਲਈ ਵੀਜ਼ਾ ਪ੍ਰਾਪਤ ਕਰਨ ਲਈ ਲੋੜੀਂਦੇ ਕਿਸੇ ਵੀ ਇਲਾਜ, ਵੀਜ਼ਾ ਵਿੱਚ ਤਬਦੀਲੀ ਜਾਂ ਸਥਾਈ ਨਿਵਾਸ ਲਈ ਅਰਜ਼ੀ ਜਾਂ ਪੂਰਵ-ਰੁਜ਼ਗਾਰ ਉਦੇਸ਼ਾਂ ਲਈ ਡਾਕਟਰੀ ਪ੍ਰੀਖਿਆ ਦਾ ਖ਼ਰਚਾ ਸ਼ਾਮਲ ਨਹੀਂ ਹੈ।

### ਉਡੀਕ ਦੀ ਮਿਆਦ

ਉਡੀਕ ਦੀ ਮਿਆਦ ਉਹ ਸਮਾਂ ਹੁੰਦਾ ਹੈ ਜਿਸਦੀ ਤੁਹਾਨੂੰ ਆਪਣੇ ਬੀਮਾ ਕਵਰ ਵਿੱਚ ਸ਼ਾਮਲ ਸੇਵਾਵਾਂ 'ਤੇ ਕਲੇਮ (ਦਾਅਵਾ) ਕਰ ਸਕਣ ਦੇ ਯੋਗ ਹੋਣ ਤੋਂ ਪਹਿਲਾਂ ਉਡੀਕ ਕਰਨੀ ਪੈਂਦੀ ਹੈ। 2-12 ਮਹੀਨਿਆਂ ਤੱਕ ਦੀ ਉਡੀਕ ਦੀ ਮਿਆਦ ਲਾਗੂ ਹੁੰਦੀ ਹੈ ਅਤੇ ਇਹ ਤੁਹਾਡੇ ਇਲਾਜ ਅਤੇ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕੀ ਤੁਹਾਡੀ ਬੀਮਾਰੀ ਜਾਂ ਡਾਕਟਰੀ ਸਮੱਸਿਆ ਪਹਿਲਾਂ ਤੋਂ ਮੌਜੂਦ ਸੀ ਜਾਂ ਨਹੀਂ।

### ਬੀਮਾ ਐਕਸੈਸ (ਬੀਮਾ ਦਾਅਵਾ ਕਰਨ ਸਮੇਂ ਅਦਾ ਕੀਤੀ ਜਾਣ ਵਾਲੀ ਰਕਮ)

ਬੀਮਾ ਐਕਸੈਸ ($250) ਉਹ ਰਕਮ ਹੈ ਜੋ ਤੁਸੀਂ ਹਸਪਤਾਲ ਵਿੱਚ ਇੱਕ ਦਿਨ ਜਾਂ ਰਾਤ ਭਰ ਦਾਖ਼ਲ ਹੋਣ ਦੀ ਸੂਰਤ ਵਿੱਚ ਅਦਾ ਕਰਨ ਲਈ ਸਹਿਮਤ ਹੁੰਦੇ ਹੋ।

### ਪਹਿਲਾਂ ਤੋਂ ਮੌਜੂਦ ਡਾਕਟਰੀ ਸਮੱਸਿਆ

ਇਹ ਇੱਕ ਰੋਗ, ਬਿਮਾਰੀ ਜਾਂ ਇੱਕ ਅਜਿਹੀ ਡਾਕਟਰੀ ਸਥਿਤੀ ਹੈ ਜਿਸਦੇ ਤੁਹਾਨੂੰ ਆਪਣਾ HCF OVHC ਬੀਮਾ ਪ੍ਰਾਪਤ ਕਰਨ ਜਾਂ ਬੀਮਾ ਕਵਰ ਦੇ ਉੱਚ ਪੱਧਰ 'ਤੇ ਅੱਪਗ੍ਰੇਡ ਕਰਨ ਤੋਂ ਪਹਿਲਾਂ ਦੇ 6 ਮਹੀਨਿਆਂ ਵਿੱਚ ਲੱਛਣ ਜਾਂ ਸੰਕੇਤ ਮਿਲੇ ਸਨ, ਭਾਵੇਂ ਡਾਕਟਰ ਵੱਲੋਂ ਇਸਦੇ ਹੋਣ ਦੀ ਪਛਾਣ ਨਾ ਕੀਤੀ ਗਈ ਹੋਵੇ। ਇਹ ਟੈਸਟ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਡਾਕਟਰੀ ਸਥਿਤੀ ਦੇ ਲੱਛਣ ਜਾਂ ਸੰਕੇਤ ਦਿਖਾਉਂਦੇ ਹੋ; ਇਸਦੀ ਡਾਕਟਰ ਵੱਲੋਂ ਪਛਾਣ ਕੀਤੀ ਗਈ ਹੋਣੀ ਜ਼ਰੂਰੀ ਨਹੀਂ ਹੈ।

**ਬੀਮਾ ਕਵਰ ਦੇ ਹਰੇਕ ਪੱਧਰ ਦੁਆਰਾ ਕਵਰ ਕੀਤੀਆਂ ਜਾਂਦੀਆਂ ਬਿਮਾਰੀਆਂ ਅਤੇ ਸੇਵਾਵਾਂ ਦੀ ਵਿਸਥਾਰਪੂਰਵਕ ਸੂਚੀ ਲਈ hcfvisitorhealthcover.com 'ਤੇ ਜਾਓ ਅਤੇ ਉਤਪਾਦ ਸੰਖੇਪ-ਸਾਰ ਜਾਂ OVHC ਫ਼ੰਡ ਰੂਲਜ਼ (OVHC Fund Rules) ਡਾਊਨਲੋਡ ਕਰੋ। ਤੁਸੀਂ ਸਾਡੇ ਕਿਸੇ ਸਥਾਨ 'ਤੇ ਆਪ ਵੀ ਆ ਸਕਦੇ ਹੋ ਜਾਂ ਸਾਨੂੰ 13 68 42 'ਤੇ ਫ਼ੋਨ ਕਰ ਸਕਦੇ ਹੋ।**

# HCF ਦੇ ਨਾਲ ਜੁੜਣਾ ਐਨਾ ਹੀ ਸੌਖਾ ਹੈ ਜਿੰਨਾ ਕਿ 1,2,3!

1. ਬੀਮਾ ਕਵਰ ਦੀ ਅਨੁਮਾਨਤ ਕੀਮਤ ਲੈਣ ਲਈ ਸਾਨੂੰ ਫ਼ੋਨ ਕਰੋ, ਔਨਲਾਈਨ ਜਾਓ ਜਾਂ ਸਾਡੇ ਕਿਸੇ ਸਥਾਨ 'ਤੇ ਜਾਓ।
2. ਆਪਣੀ ਲੋੜ ਮੁਤਾਬਕ ਬੀਮੇ ਦੇ ਪੱਧਰ ਦੀ ਚੋਣ ਕਰੋ।
3. ਤੁਹਾਡੇ ਬੀਮਾ ਕਵਰ ਲੈਣ ਤੋਂ ਬਾਅਦ ਅਸੀਂ ਤੁਹਾਨੂੰ ਇੱਕ ਸੁਆਗਤੀ ਈ-ਮੇਲ ਭੇਜਾਂਗੇ। ਜੇਕਰ ਤੁਸੀਂ ਵੀਜ਼ੇ ਲਈ ਢੁੱਕਵਾਂ ਬੀਮਾ ਲਿਆ ਹੈ ਤਾਂ ਇਸ ਵਿੱਚ ਤੁਹਾਡੇ ਵੱਲੋਂ ਗ੍ਰਹਿ ਮਾਮਲਿਆਂ ਦੇ ਵਿਭਾਗ (Department of Home Affairs) ਨੂੰ ਦੇਣ ਲਈ ਇੱਕ ਪੱਤਰ ਵੀ ਸ਼ਾਮਲ ਹੋਵੇਗਾ (ਜੇਕਰ ਤੁਸੀਂ ਵੀਜ਼ੇ ਲਈ ਅਢੁੱਕਵਾਂ ਬੀਮਾ ਚੁਣਿਆ ਹੈ ਤਾਂ ਅਸੀਂ ਇਹ ਪੱਤਰ ਤੁਹਾਨੂੰ ਦੇਣ ਵਿੱਚ ਅਸਮਰੱਥ ਹੋਵਾਂਗੇ)।


ਦਾ ਹਸਪਤਾਲ ਕੰਟਰੀਬਿਊਸ਼ਨ ਫ਼ੰਡ ਆਫ਼ ਆਸਟ੍ਰੇਲੀਆ ਲਿਮਿਟਡ

**ABN 68 000 026 746 AFSL 241 414**

HCF ਹਾਊਸ: 403 George Street, Sydney NSW 2000

ਡਾਕ ਪਤਾ: GPO Box 4242, Sydney NSW 2001


**hcfvisitorhealthcover.com**